# ਪੰਜਾਬੀ ਨਾਟਕ : ਵਿਚਾਰਧਾਰਕ ਪਰਿਪੇਖ
## (ਸਤਵਿੰਦਰ ਬੇਗੋਵਾਲੀਆ ਦੇ ਨਾਟ-ਸੰਗ੍ਰਹਿ ਮੈਂ ਪੰਜਾਬਣ ਹਾਂ ਦੇ ਪ੍ਰਸੰਗ ਵਿਚ)

*ਡਾ. ਦੇਵਿੰਦਰਕੁਮਾਰ

**ਸਾਰ ਤੱਤ**

ਸਤਵਿੰਦਰ ਬੇਗੋਵਾਲੀਆ ਪੰਜਾਬੀ ਦਾ ਪ੍ਰਸਿੱਧ ਨਾਟਕਕਾਰ ਹੈ। ਉਹ ਤਿੰਨ ਦਹਾਕਿਆ ਤੋਂ ਨਿਰੰਤਰ ਨਾਟ-ਰਚਨਾ ਕਰ ਰਿਹਾ ਹੈ।ਜਿਨ੍ਹਾਂ ਨਾਟਕਕਾਰਾਂ ਨੇ 1990 ਤੋਂ ਬਾਅਦ ਲਿਖਣਾ ਆਰੰਭ ਕੀਤਾ ਉਨ੍ਹਾਂ ਨੂੰ ਚੌਥੀ ਪੀੜ੍ਹੀ ਦੇ ਨਾਟਕਕਾਰ ਕਿਹਾ ਜਾਂਦਾ ਹੈ। ਉਦਾਰੀ ਕਰਨ, ਨਿੱਜੀਕਰਨ ਅਤੇ ਵਿਸ਼ਵੀਕਰਨ ਜਿਹੇ ਵਰਤਾਰਿਆਂ ਨੇ ਵਿਸ਼ਵ ਦੇ ਹਰ ਪਹਿਲੂ ਨੂੰ ਪ੍ਰਭਾਵਿਤ ਕਰਨ ਦੇ ਨਾਲ ਨਾਲ ਵਿਸ਼ਵਸਾਹਿਤ-ਚਿੰਤਨ ਨੂੰ ਵੀ ਪ੍ਰਭਾਵਿਤ ਕੀਤਾ।ਇਸਦੇ ਫਲ ਸਰੂਪ ਵਿਸ਼ਵ ਦੇ ਸਾਹਿਤ ਵਿਚ ਉਤਰ ਆਧੁਨਿਕਤਾ, ਉਤਰ ਬਸਤੀਵਾਦ ਜਿਹੇ ਸੰਕਲਪ ਹੋਂਦ ਵਿਚ ਆਏ।ਸਾਹਿਤ-ਸਿਰਜਨਾ ਦੇ ਖੇਤਰ ਵਿਚ ਨਾਰੀ-ਚੇਤਨਾ, ਦਲਿਤ-ਚੇਤਨਾ, ਪ੍ਰਵਾਸੀ ਚੇਤਨਾ ਜਿਹੇ ਸਰੋਕਾਰ ਆਕਾਰ ਗ੍ਰਹਿਣ ਕਰਨ ਲੱਗੇ।ਵਿਸ਼ਵ ਦੇ ਦੂਜੇ ਦੇਸ਼ਾਂ ਦੇ ਸਮਾਂਨਾਂਤਰ ਭਾਰਤ ਵਿਚ ਵੀ ਸੰਨ 1991 ਵਿਚ ਬਣੀ ਨਵੀਂ ਸਰਕਾਰ ਨੇ ਵੀ ਇਸ ਸੰਕਲਪ ਨੂੰ ਆਪਣੀਆਂ ਨੀਤੀਆਂ ਵਿਚ ਲਾਗੂ ਕੀਤਾ।ਵਿਸ਼ਵੀਕਰਨ ਦੇ ਪ੍ਰਭਾਵ ਕਾਰਨ ਵਿਸ਼ਵ ਵਿਚ ਆਈਆਂ ਤਬਦੀਲੀਆਂ ਨੂੰ ਪੰਜਾਬੀ ਨਾਟਕਕਾਰੀ ਦੀ ਚੌਥੀ ਪੀੜ੍ਹੀ ਨੇ ਆਪਣੀ ਨਾਟ-ਰਚਨਾਵਾਂ ਵਿਚ ਆਧਾਰ ਸਮੱਗਰੀ ਵਜੋਂ ਚੁਣਨਾ ਸ਼ੁਰੂ ਕਰ ਦਿਤਾ।ਇਸ ਪੀੜ੍ਹੀ ਦੇ ਪ੍ਰਤੀ ਨਿੱਧ ਨਾਟਕਕਾਰਾਂ ਵਿਚ ਮਨਜੀਤ ਪਾਲ ਕੌਰ, ਪਾਲੀ ਭੁਪਿੰਦਰ, ਸਵਰਾਜ ਬੀਰ, ਸਤੀਸ਼ ਕੁਮਾਰ ਵਰਮਾ, ਦੇਵਿੰਦਰ ਕੁਮਾਰ, ਵਰਿਆਮ ਮਸਤ, ਜਤਿੰਦਰ ਬਰਾੜ, ਕੇਵਲ ਧਾਲੀਵਾਲ, ਜਗਦੀਸ਼ ਸਚਦੇਵਾ, ਸਾਹਿਬ ਸਿੰਘ, ਸਤਿੰਦਰ ਨੰਦਾ, ਕੁਲਦੀਪ ਸਿੰਘ ਦੀਪ, ਸੋਮਪਾਲ ਹੀਰਾ ਜਿਹੇ ਨਾਟਕਕਾਰਾਂ ਦੇ ਨਾਮ ਸ਼ਾਮਿਲ ਹਨ।ਇਸ ਹੀ ਪੱਖ ਤੋਂ ਸਤਵਿੰਦਰ ਬੇਗੋਵਾਲੀਆ ਦਾ ਨਾਮ ਵੀ ਪੰਜਾਬੀ ਨਾਟਕ ਕਾਰੀ ਦੀ ਚੌਥੀ ਪੀੜ੍ਹੀ ਦੇ ਨਾਟਕਕਾਰਾਂ ਵਿਚ ਗਿਣਿਆ ਜਾ ਸਕਦਾ ਹੈ।'ਮੈਂ ਪੰਜਾਬਣ ਹਾਂ' ਨਾਟ-ਸੰਗ੍ਰਹਿ ਤੋਂ ਪਹਿਲਾਂ ਉਹ ਪੰਜ ਨਾਟ-ਪੁਸਤਕਾਂ ਦਾ ਪ੍ਰਕਾਸ਼ਨ ਕਰ ਚੁੱਕਾ ਹੈ।

**ਕੁੰਜੀਵਤ ਸ਼ਬਦ**: ਉਤਰ ਆਧੁਨਿਕਤਾ, ਉਤਰ ਬਸਤੀ ਵਾਦ,ਸੰਕਲਪ, ਨਾਰੀ-ਚੇਤਨਾ, ਦਲਿਤ-ਚੇਤਨਾ, ਪ੍ਰਵਾਸੀ ਚੇਤਨਾ, ਰੰਗ ਮੰਚ, ਨਾਟਯ ਸ਼ਾਸਤਰ, ਕਾਵਿ ਸ਼ਾਸਤਰ, ਨਾਟ-ਵੇਦ

**ਪ੍ਰੋਫੈਸਰ, ਦੇਸ਼ ਭਗਤ ਯੂਨੀਵਰਸਿਟੀ**

ਜਾਣਕਾਰੀ

ਸਭ ਤੋਂ ਪਹਿਲਾਂ ਨਾਟਕ ਦੀ ਵਿਧਾ ਨੂੰ ਸਮਝਣਾ ਲਾਜ਼ਮੀ ਹੈ।ਸਾਹਿਤ ਵਿਚ ਮਨੁੱਖ ਦੀਆਂ ਭਾਵਨਾਵਾਂ ਨੂੰ ਚਿੱਤਰਤ ਕੀਤਾ ਜਾਂਦਾ ਹੈ।ਮਨੁੱਖੀ ਭਾਵਨਾਵਾਂ ਦਾ ਆਧਾਰ ਚੌਗਿਰਦੇ ਵਿਚ ਫੈਲਿਆ ਸੰਸਾਰ ਹੁੰਦਾ ਹੈ।ਇਹ ਸੰਸਾਰ ਵੱਖ-ਵੱਖ ਸਮਾਜਿਕ ਵਰਗਾਂ ਵਿਚ ਵੰਡਿਆ ਹੁੰਦਾ ਹੈ।ਇਹੀ ਕਾਰਨ ਹੈ ਕਿ ਕੋਈ ਵੀ ਇਤਿਹਾਸ ਭਿੰਨ-ਭਿੰਨ ਵਰਗਾਂ ਤੇ ਸ਼੍ਰੇਣੀਆਂ ਦੇ ਸੰਘਰਸ਼ ਦਾ ਇਤਿਹਾਸ ਹੈ।ਜਦੋਂ ਇਨ੍ਹਾਂ ਵਰਗਾਂ ਵਿਚ ਕੋਈ ਅੰਤਰ-ਵਿਰੋਧ ਹੁੰਦਾ ਹੈ ਤਾਂ ਇਹ ਵਿਰੋਧ ਹੀ ਸਾਹਿਤ-ਸਿਰਜਨਾ ਦਾ ਆਧਾਰ ਬਣਦਾ ਹੈ।ਕਾਰਲਾਈਲ ਦੇ ਕਥਨ ਅਨੁਸਾਰ 'ਸਾਹਿਤ ਉਹ ਸਰਵ ਉੱਚ ਸਤਿ ਹੈ ਜਿਹੜਾ ਕਦੀ ਮਨੁੱਖੀ ਮਨ ਵਿਚ ਉਜਾਗਰ ਹੋ ਸਕਦਾ ਹੈ।'[1]ਸਾਹਿਤ ਦਾ ਪ੍ਰਯੋਜਨ ਮਨੁੱਖੀ ਜੀਵਨ ਨੂੰ ਕਲਾਤਮਕ ਵਿਧੀ ਨਾਲ ਪੇਸ਼ ਕਰਨਾ ਹੁੰਦਾ ਹੈ।ਇਸੇ ਲਈ ਸਾਹਿਤ ਨੂੰ ਪ੍ਰਭਾਸ਼ਿਤ ਕਰਨ ਸਮੇਂ ਅਧਿਕਤਰ ਸਾਹਿਤ-ਵਿਗਿਆਨੀ ਸਾਹਿਤ ਨੂੰ ਮਨੁੱਖ ਦੇ ਭਾਵਾਂ ਦਾ ਪ੍ਰਗਟਾਵਾ ਮੰਨਦੇ ਹਨ। ਇੰਜ ਸਾਹਿਤਕ ਰਚਨਾ ਇਕ ਜਟਿਲ ਸੰਰਚਨਾ ਹੁੰਦੀ ਹੈ ਜਿਸ ਵਿਚ ਬਹੁਤ ਸਾਰੀਆਂ ਇਕਾਈਆਂ ਸ਼ਾਮਿਲ ਰਹਿੰਦੀਆਂ ਹਨ। ਇਸ ਤਰ੍ਹਾਂ ਸਾਹਿਤ ਦਾ ਯਥਾਰਥ ਵਿਚੋਂ ਪੈਦਾ ਹੋਣ ਦੇ ਬਾਵਜੂਦ ਇਸ ਦਾ ਸਰੋਕਾਰ ਕਲਾਤਮਕ ਜਗਤ ਨਾਲ ਰਹਿੰਦਾਹੈ। ਇੰਜ ਯਥਾਰਥਕ ਜਗਤ ਅਤੇ ਕਲਾਤਮਕ ਜਗਤ ਇਕੋ ਸਮੇਂ ਇਕ ਦੂਜੇ ਨਾਲ ਪਰਸਪਰ ਸੰਬੰਧ ਵੀ ਰੱਖਦੇ ਹਨ ਅਤੇ ਇਕ ਦੂਜੇ ਤੋਂ ਵੱਖ ਵੀ ਹੁੰਦੇ ਹਨ। ਸੰਸਕ੍ਰਿਤ ਸਾਹਿਤ-ਚਿੰਤਨ ਨੇ 'ਸਤਿਅਮ, ਸ਼ਿਵਮ, ਸੁੰਦਰਮ' ਦਾ ਸਿਧਾਂਤ ਦਿਤਾ ਹੈ। ਲਿਹਾਜ਼ਾ ਸਾਹਿਤ ਸੁਹਜ, ਸੱਚਾਈ ਤੇ ਕਲਿਆਣ ਨਾਲ ਸੰਬੰਧਿਤ ਹੋਕੇ ਵਿਸ਼ਵ ਕਲਿਆਣ ਭਾਵ ਸਰਬਤ ਦੇ ਭਲੇ ਦੀ ਗੱਲ ਕਰਦਾ ਹੈ।'ਸਾਹਿਤ ਮਨੁੱਖ ਦੀ ਆਤਮਿਕ ਅਵਸਥਾ ਨੂੰ ਉੱਚਿਆਂ ਕਰਦਾ ਹੈ ਅਤੇ ਜੀਵਨ ਨੂੰ ਆਨੰਦਮਈ ਬਣਾਉਣ ਲਈ ਸਹਾਈ ਹੁੰਦਾ ਹੈ।'[2]

ਨਕਲ ਕਰਨਾ ਭਾਵ ਅਨੁਕਰਣ ਮਨੁੱਖ ਦਾ ਸੁਭਾਵਿਕ ਗੁਣ ਹੈ।ਇਹ ਵੀ ਕਿਹਾ ਜਾ ਸਕਦਾ ਹੈ ਕਿ ਮਨੁੱਖ ਦੀ ਅਨੁਕਰ ਨਦੀ ਸਹਿਜ ਕਲਾ ਵਿਚੋਂ ਸਾਹਿਤ ਉਪਜਦਾ ਹੈ ਕਿਉਂਕਿ ਸਾਹਿਤ ਮਨੁੱਖੀ ਕਿਰਤ ਹੈ।ਅਜਿਹਾ ਕਰਨ ਵਿਚ ਲੇਖਕ ਆਪਣੇ ਭਾਵਾਂ ਦੇ ਅਨੁਕੂਲ ਜੋ ਵੀ ਤਰੀਕਾ ਅਪਣਾਉਂਦਾ ਹੈ ਉਸਦੇ ਨਤੀਜੇ ਵਜੋਂ ਵਿਭਿੰਨ ਸਾਹਿਤ-ਰੂਪ ਆਕਾਰ ਗ੍ਰਹਿਣ ਕਰਦੇ ਹਨ ਜਿਵੇਂ ਕਵਿਤਾ, ਕਹਾਣੀ, ਨਾਵਲ, ਨਾਟਕ, ਵਾਰਤਕ ਆਦਿ।ਇਸ ਕਰਕੇ 'ਮਨੁੱਖੀ ਜੀਵਨ ਨੂੰ ਕਲਾਤਮਕ ਰੂਪ ਵਿਚ ਪ੍ਰਗਟ ਕਰਨ ਵਾਲੀ ਸਾਹਿਤ ਸਿਰਜਣ-ਪ੍ਰਕਿਰਿਆ ਭਾਵੇਂ ਕਿਸੇ ਵੀ ਵਿਚਾਰਧਾਰਾ ਜਾਂ ਸਿਧਾਂਤ ਪ੍ਰਤੀ ਸਿਰਜੀ ਗਈ ਹੋਵੇ ਉਸ ਵਿਚ ਮਨੁੱਖ ਦੇ ਮਾਨਸਿਕ ਉਦਗਾਰ ਅਤੇ ਮਨੋ ਦਸ਼ਾਦੇ ਅੰਦਰਲੇ ਧਰਾਤਲ ਨੂੰ ਪੇਸ਼ ਕੀਤਾ ਜਾ ਸਕਦਾ ਹੈ।'[3]ਇਸ ਤਰ੍ਹਾਂ ਸਾਹਿਤ ਇਕ ਅਜਿਹਾ ਬਹੁਦਿਸ਼ਾ ਵੀ ਜਟਿੱਲ ਵਰਤਾਰਾ ਹੈ ਜੋ ਮਨੁੱਖ ਦੇ ਸਮਾਜਿਕ ਅਤੇ ਮਾਨਸਿਕ ਯਥਾਰਥਕ ਜਗਤ ਦੀ ਪੁਨਰ ਸਿਰਜਨਾ ਦੇ ਸਮਰੱਥ ਹੁੰਦਾਹੈ।ਇੰਜ ਭਾਵਾਂ ਦੇ ਪ੍ਰਗਟਾਓਦੀਆਂ ਵਿਭਿੰਨ ਕਲਾਵਾਂ ਵਿਚੋਂ ਨਾਟਕ ਵੀ ਇਕ ਸ਼ਾਬਦਿਕ ਸਿਰਜਣਾਤਮਿਕ ਕਲਾਹੈ।'ਇਸਦੀ ਆਪਣੀ ਨਿਵੇਕਲੀ ਵਿਧਾ ਹੈ, ਇਸ ਦੀ ਦੂਸਰੀਆਂ ਕਲਾਵਾਂ ਨਾਲੋਂ ਵਿਲੱਖਣਤਾ ਇਸ ਦਾ ਰੰਗਮੰਚ ਨਾਲ ਜੁੜੇ ਹੋਣ ਕਾਰਨ ਹੈ।'[4]ਨਾਟਕ ਦੋ ਹਰੀ ਪ੍ਰਕਿਰਤੀ ਦਾ ਧਾਰਨੀ ਹੈ ਜੋ ਲਿਖਤ ਰੂਪ ਵਿਚ ਸਾਹਿਤ ਦਾ ਹਿੱਸਾ ਹੁੰਦਾ ਹੈ ਅਤੇ ਪੇਸ਼ਕਾਰੀ ਸਮੇਂ ਪ੍ਰਦਰਸ਼ਨੀ ਕਲਾ ਦਾ ਰੂਪ ਹੁੰਦਾ ਹੈ।ਇਸ ਤਰ੍ਹਾਂ ਨਾਟਕ ਨਿਰੋਲ ਸਾਹਿਤ ਨਹੀਂ ਸਗੋਂ ਇਕ ਅਜਿਹੀ ਕਲਾ ਹੈ ਜੋ ਸਾਹਿਤ ਤੋਂ ਪਰੇਰੇ ਅਨੁਭਵ ਨੂੰ ਪ੍ਰਾਪਤ ਕਰਦੀ ਹੈ ਤੇ ਵਿਲੱਖਣ ਬੋਧ ਕਰਵਾਉਂਦੀ ਹੈ।ਇਉਂ ਨਾਟਕ ਇਕ ਸੁਤੰਤਰ ਸਾਹਿਤ ਵਿਧਾ ਹੈ ਜਿਸਦਾ ਦੂਹ ਰਾਚ ਰਿੱਤਰ ਹੈ।ਇਸ ਦਾ ਬਾਕੀ ਸਾਹਿਤ-ਰੂਪਾਂ ਨਾਲੋਂ ਅੰਤਰ ਇਸ ਦਾ ਮੰਚ ਉੱਤੇ ਜੀਵੰਤ ਰੂਪ ਵਿਚ ਪੇਸ਼ ਹੋਣਾ ਹੁੰਦਾ ਹੈ।ਇਸ ਦੇ ਪਾਤਰ ਜੀਵੰਤ ਰੂਪਦਰਸ਼ਕਾਂ ਦੇ ਮਨਾਂ ਨੂੰ ਸਿੱਧਾ ਪ੍ਰਭਾਵਿਤ ਕਰਦੇ ਹਨ।ਰੰਗ ਮੰਚ ਦਾ ਅਹਿਮ ਭਾਗ ਹੋਣ ਕਾਰਨ ਨਾਟਕ ਸਾਹਿਤ ਦੀ ਇਕ ਨਿਵੇਕਲੀ ਤੇ ਮਹੱਤਵਪੂਰਨ ਵਿਧਾ ਹੈ ਜਿਹੜੀ 'ਸਾਹਿਤ' ਵੀ ਹੈਤੇ 'ਖੇਡ ਕਲਾ' ਵੀ ਹੈ।'ਅਸਲ ਵਿਚ ਨਾਟਕ ਜੀਵਨ ਵਰਗੀ ਪਰ ਜੀਵਨ ਤੋਂ ਬਹੁਤ ਵੱਖਰੀ ਸੰਯੁਕਤ ਤੇ ਕਲਾ ਤਮਿਕ ਕਲਾ ਹੈ ਜੋ ਸ਼ਕਤੀਸ਼ਾਲੀ ਜਿਉਂਦੇ ਪਾਤਰਾਂ ਰਾਹੀਂ ਜੀਵਨ ਗਤੀ ਤੋਂ ਜੀਵਨ ਕਹਾਣੀ ਪ੍ਰਗਟਾਕੇ ਮੰਚਦੇ ਅੱਗੇ ਬੈਠੇ ਦਰਸ਼ਕਾਂ ਨੂੰ ਪਰਚਾਉਣ, ਗਰਮਾਉਣ, ਭਰਮਾਉਣ , ਉਚਿ ਆਉਣ ਵਾਲੀ ਅਦੁੱਤੀ ਕਲਾ ਵੰਨਗੀ ਹੈ।'[5]ਵਿਸ਼ਵ ਵਿਚ ਨਾਟਕ ਦੇ ਦੋ ਸਿਧਾਂਤ ਪ੍ਰਚਲਿਤ ਹਨ। ਇਕ ਭਾਰਤੀ ਜਾਂ ਸੰਸਕ੍ਰਿਤ ਨਾਟ-ਪਰੰਪਰਾ ਤੇ ਦੂਜਾ ਪੱਛਮੀ ਜਾਂ ਯੂਨਾਨੀ ਨਾਟ-ਪਰੰਪਰਾ। ਪ੍ਰਸਿੱਧ ਨਾਟ ਸ਼ਾਸਤਰੀ ਭਰਤ ਮੁਨੀ ਦੁਆਰਾ ਰਚਿਤ ਨਾਟ-ਗ੍ਰੰਥ ਨੂੰ ਨਾਟਯ ਸ਼ਾਸਤਰ ਕਿਹਾ ਜਾਂਦਾ ਹੈ ਅਤੇ ਪੱਛਮੀ ਨਾਟ ਸਿਧਾਂਤ ਦਾ ਜਨਮ ਦਾਤਾ ਅਰਸਤੂ ਹੈ। ਉਸ ਦੇ ਗ੍ਰੰਥ ਨੂੰ ਕਾਵਿ ਸ਼ਾਸਤਰ ਕਿਹਾ ਜਾਂਦਾ ਹੈ। ਭਰਤ ਮੁਨੀ ਦੇ ਨਾਟਯ ਸ਼ਾਸਤਰ ਨੂੰ 'ਪੰਚਮ ਵੇਦ' ਕਿਹਾ ਹੈ।ਇਹ ਵੇਦਾਂ ਵਾਂਗ ਹੀ ਗਿਆਨ ਦਾ ਮੁਕੰਮਲ ਸ੍ਰੋਤ ਮੰਨਿਆ ਗਿਆ ਹੈ।ਇਹ ਇਕ ਸ੍ਰੇਸ਼ਠ ਅਤੇ ਉੱਤਮ ਰਚਨਾ ਹੈ।'ਨਟ' ਜਾਂ 'ਨਾਟ' ਸ਼ਬਦ ਸੰਸਕ੍ਰਿਤ ਭਾਸ਼ਾ ਦੇ ਸ਼ਬਦ 'ਨਾਟਯ' ਤੋਂ ਬਣਿਆ ਅਤੇ ਵਿਕਸਿਤ ਹੋਇਆ ਹੈ।'ਨਾਟਯ' ਸ਼ਬਦ ਤੋਂ ਭਾਵ ਨਕਲ ਜਾਂ ਸਵਾਂਗ ਰਾਹੀਂ ਕਿਸੇ ਸਥੂਲ ਘਟਨਾ ਆਦਿ ਨੂੰ ਪੇਸ਼ਕਰਨਾ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ'ਸੰਸਕ੍ਰਿਤ ਵਿਚ 'ਨਟ' ਸ਼ਬਦ ਦਾ ਅਰਥ ਹੈ ਨੱਚਣਾ, ਹੇਠਾਂ ਡਿੱਗਣਾ, ਦਿਖਾਉਣਾ, ਸਰਕਣਾ, ਨਾਟਕ ਖੇਡਣ ਵਾਲਾ ਤੇ 'ਨਾਟ' ਸ਼ਬਦ ਦਾ ਅਰਥ ਹੈ ਨਾਚ, ਕ੍ਰਿਤ ਜਾਂ ਨਕਲ।'[6] 'ਪੱਛਮ ਵਿਚ ਨਾਟਕ ਕਲਾ ਦਾ ਵਿਕਾਸ ਯੂਨਾਨ ਦੇਸ਼ ਵਿਚ ਹੋਇਆ।'ਅੰਗਰੇਜ਼ੀ ਵਿਚ ਨਾਟਕ ਵਾਸਤੇ 'ਡਰਾਮਾ' ਸ਼ਬਦ ਪ੍ਰਚਲਿਤ ਹੈ ਜੋ ਯੂਨਾਨੀ ਸ਼ਬਦ 'ਡਰਾਉ' ਤੋਂ ਹੀ ਨਿਕਲਿਆ ਹੈ, ਜਿਸ ਦਾ ਭਾਵ ਕਾਰਜ ਜਾਂ ਕਰਮ ਰਾਹੀਂ ਕੁਝ ਕਰਕੇ ਦਰਸਾਉਣਾ ਹੈ।'[7]ਪੰਜਾਬੀ ਭਾਸ਼ਾ ਵਿਚ ਨਾਟਕ ਨੂੰ ਡਰਾਮਾ ਕਿਹਾ ਜਾਂਦਾ ਹੈ ਜੋ ਕਿ ਯੂਨਾਨੀ ਭਾਸ਼ਾ ਦੇ ਡਰਾਮਾ ਸ਼ਬਦ ਤੋਂ ਆਇਆ ਹੈ।ਜਿਸਦਾ ਅਰਥ ਹੈ ਅਭਿਨੈ ਕਰਨਾ।ਪੱਛਮੀ ਨਾਟ-ਪਰੰਪਰਾ ਪ੍ਰਾਕ੍ਰਿਤਕ ਦੇਵ ਤਾਡਾਈਨਿਉ ਸਿਸਦੀ ਵਡਿਆਈ ਵਿਚ ਗਾਏ ਜਾਂਦੇ ਕੋਰਸਗੀ ਤਾਂ ਅਤੇ ਨਾਚ ਦੀਆਂ ਮੁਦਰਾਵਾਂ ਤੋਂ ਹੋਈ ਮੰਨੀ ਜਾਂਦੀ ਹੈ। ਇਸ ਲਈ ਨਾਟਕ ਨੂੰ `ਨਾਚ` ਤੋਂ ਵਿਕਸਿਤ ਹੋਇਆ ਮੰਨਿਆ ਜਾਂਦਾ ਹੈ ਅਤੇ `ਨਾਚ` ਪ੍ਰਾਚੀਨ ਭਾਰਤ ਵਿਚਵੀ ਪ੍ਰਚਲਿਤ ਸੀ।ਇਸ ਪ੍ਰਕਾਰ ਵਿਸ਼ਵ ਦੇ ਦੋਵੇਂ ਸਿਧਾਤਾਂ ਅਨੁਸਾਰ ਨਾਟਕ ਦੀ ਉਤਪਤੀ ਨ੍ਰਿਤ ਤੋਂ ਹੋਈ ਹੈ।'ਮੰਚ ਤੇ ਹੋ ਰਿਹਾ ਕਾਰਜ  ਵਾਰ-ਵਾਰ ਯਥਾਰਥ ਦੇ ਭਰਮ ਨੂੰ ਤੋੜਦਾ ਹੈ ਅਤੇ ਦਰਸ਼ਕਾਂ ਨੂੰ ਸੰਬੋਧਨ ਕਰਕੇ ਆਖਦਾ ਹੈ ਕਿ ਅਸੀਂ ਮੰਚ ਤੇ ਕੰਮ ਕਰਨ ਵਾਲੇ ਐਕਟਰਹਾਂ ਤੇ ਭੇਸਵਟਾ ਕੇ ਯਥਾਰਥ ਦੇ ਪਿੱਛੇ ਲੁਕਿਆ ਯਥਾਰਥ ਵਿਖਾ ਰਹੇ ਹਾਂ।'[8]ਭਰਤ ਮੁਨੀ ਨੇ ਨਾਟਯ-ਸ਼ਾਸਤਰ ਵਿਚ ਹੀ ਨਾਟਕ ਦੀ ਉਤਪਤੀ ਸੰਬੰਧੀ ਦੱਸਿਆ ਹੈ ਕਿ'ਨਾਟਯ ਵੇਦ ਦੀ ਰਚਨਾ ਲਈ ਬ੍ਰਹਮਾ ਨੇ ਰਿਗ ਵੇਦ ਵਿਚੋਂ ਅਭਿਨੈ ਪਾਠਯ,ਸਾਮ

ਵੇਦ ਵਿਚੋਂ ਗੀਤ ਸ਼ੈਲੀ, ਯਜੁਰ ਵੇਦ ਵਿੱਚੋਂ ਅਭਿਨੈ ਦੀਆਂ ਅਨੇਕ ਸ਼ੈਲੀਆਂ ਅਥਰ ਵਵੇਦ ਵਿਚੋਂ ਰਸ ਗ੍ਰਹਿਣ ਕੀਤਾ।ਇਸ ਤਰ੍ਹਾਂ ਸੰਪੂਰਨ ਗਿਆਨ ਦੇ ਸਵਾਮੀ ਮਹਾਤਮਾ ਤੇ ਭਗਵਾਨ ਰੂਪ ਬ੍ਰਹਮਾ ਨੇ ਵੇਦਾਂ ਤੇ ਉਪਵੇਦਾਂ ਤੋਂ ਲੈ ਕੇ ਨਾਟਯ ਵੇਦ ਦੀ ਰਚਨਾ ਕੀਤੀ।'[9]ਪਰੰਤੂ ਕੁਝ ਵਿਦਵਾਨਾਂ ਅਨੁਸਾਰ ਭਰਤ ਮੁਨੀ ਪਹਿਲਾਂ ਵੀ ਭਾਰਤ ਵਿਚ ਨਾਟ-ਕਲਾ ਦੀ ਪਰੰਪਰਾ ਦੇ ਮੌਜੂਦ ਹੋਣ ਦੇ ਹਵਾਲੇ ਮਿਲਦੇ ਹਨ।ਪੁਰਾਤਨ ਕਾਲ ਵਿਚ ਨਾਟਕ ਵੈਦਿਕ ਮੰਦਰਾਂ ਦੇ ਧਾਰਮਿਕ ਅਨੁਸ਼ਠਾਨਾਂ ਵਿਚੋਂ ਉਪਜਿਆ ਮੰਨਿਆ ਜਾਂਦਾ ਹੈ।ਗੁਰਦਿਆਲ ਸਿੰਘ ਫੁੱਲ ਅਨੁਸਾਰ 'ਮਨੁੱਖ ਆਪਣੇ ਮਨ ਦੇ ਭਾਵਾਂ, ਵਿਚਾਰਾਂ, ਇੱਛਾਵਾਂ, ਅਹਿਸਾਸਾਂ ਅਤੇ ਸੁਪਨਿਆਂ ਆਦਿ ਦਾ ਪੀੜ੍ਹੀ ਦਰ ਪੀੜ੍ਹੀ ਸੰਚਾਰ ਕਰਨ ਲਈ ਇਹਨਾਂ ਨੂੰ ਕਲਮ ਬੰਦ ਕਰਕੇ ਸਾਹਿਤ ਦਾ ਨਿਰਮਾਣ ਕਰਦਾ ਹੈ।ਇਸਸਾਰੇ ਪ੍ਰਗਟਾਵੇਦਾ ਇਕੋ ਇਕ ਸਾਧਨ ਉਥੋਂ ਦੀ ਭਾਸ਼ਾ ਹੁੰਦੀ ਹੈ।ਇਸਦੇ ਨਾਲ ਹੀ ਮਨੁੱਖ ਦੇ ਸੰਚਾਰ ਦਾ ਦੂਜਾ ਸਾਧਨ ਅਬਲ ਹੁੰਦਾ ਹੈ।'[10]

ਸਤਵਿੰਦਰ ਬੇਗੋਵਾਲੀਆ ਪੰਜਾਬੀ ਦਾ ਚਰਚਿਤ ਨਾਟਕਕਾਰ ਹੈ।ਉਹ ਤਿੰਨ ਦਹਾਕਿਆ ਤੋਂ ਨਿਰੰਤਰ ਨਾਟ-ਰਚਨਾ ਕਰ ਰਿਹਾ ਹੈ।ਇਹ ਉਸਦੀ ਨਾਟਕ ਕਾਰੀ ਪ੍ਰਤੀ ਪ੍ਰਤੀਬੱਧਤਾ ਦਾ ਪ੍ਰਮਾਣ ਹੈ।ਨਾਟ-ਵਿਦਵਾਨਾਂ ਅਨੁਸਾਰ ਜਿਨ੍ਹਾਂ ਨਾਟਕਕਾਰਾਂ ਨੇ 1990 ਤੋਂ ਬਾਅਦ ਨਾਟ-ਰਚਨਾ ਆਰੰਭ ਕੀਤੀ ਉਨ੍ਹਾਂ ਨਾਟਕਕਾਰਾਂ ਨੂੰ ਚੌਥੀ ਪੀੜ੍ਹੀ ਦੇ ਨਾਟਕਕਾਰਾਂ ਵਿਚ ਸ਼ਾਮਿਲ ਕੀਤਾ ਗਿਆ ਹੈ।ਵਿਸ਼ਵੀ ਕਰਨ, ਨਿੱਜੀ ਕਰਨ, ਉਦਾਰੀ ਕਰਨ ਜਿਹੇ ਵਿਸ਼ਵ ਵਰਤਾਰਿਆਂ ਨੇ ਕੇਵਲ ਮਾਨਵੀ ਜੀਵਨ ਦੇ ਸਮਾਜਿਕ ਅਤੇ ਆਰਥਿਕਕ ਪੱਖ ਨੂੰ ਹੀ ਪ੍ਰਭਾਵਿਤ ਨਹੀਂ ਕੀਤਾ ਬਲਕਿ ਵਿਸ਼ਵ ਸਾਹਿਤ-ਚਿੰਤਨ ਨੂੰ ਵੀ ਪ੍ਰਭਾਵਿਤ ਕੀਤਾ।ਇਸਦੇ ਪ੍ਰਤੀ ਕਰਮ ਵਜੋਂ ਸਾਹਿਤ ਵਿਚ ਉਤਰ ਆਧੁਨਿਕਤਾ, ਉਤਰ ਬਸਤੀ ਵਾਦ ਜਿਹੇ ਸੰਕਲਪ ਉਭਰੇ।ਭਾਰਤ ਵਿਚ 1991 ਵਿਚ ਨਵੀਂ ਬਣੀ ਸਰਕਾਰ ਨੇ ਇਸ ਵਰਤਾਰੇ ਨੂੰ ਖੁਲ੍ਹੇ ਮਨ ਨਾਲ ਸਵੀਕਾਰ ਕੀਤਾ ਅਤੇ ਆਪਣੀਆਂ ਨੀਤੀਆਂ ਵਿਚ ਲਾਗੂ ਕੀਤਾ।ਦੇਸ਼ ਦੇ ਸਮੁੱਚੇ ਸਾਹਿਤਕਾਰਾਂ ਨੇ ਇਸ ਇਸ ਵਿਸ਼ਵਵਿਆਪੀ ਵਰਤਾਰੇ ਨੂੰ ਅੰਗੀਕਾਰ ਕੀਤਾ।ਸਾਹਿਤ-ਸਿਰਜਨਾ ਦੇ ਖੇਤਰ ਵਿਚ ਇਸ ਵਰਤਾਰੇ ਦੇ ਪ੍ਰਸੰਗ ਵਿਚ ਉਭਰੇ ਨਾਰੀ-ਚੇਤਨਾ, ਦਲਿਤ-ਚੇਤਨਾ ਜਿਹੇ ਸਰੋਕਾਰ ਪ੍ਰਤੀ ਬਿੰਬਤ ਹੋਣ ਲੱਗੇ।ਵਿਸ਼ਵੀਕਰਨ ਕਾਰਨ ਪੈਦਾ ਹੋਏ ਨਾਟ-ਚਿੰਤਨ ਨੂੰ ਅੰਗੀਕਾਰ ਕਰਨ ਵਾਲੀ ਪੰਜਾਬੀ ਨਾਟਕਕਾਰੀ ਦੀ ਚੌਥੀ ਪੀੜ੍ਹੀ ਹੋਂਦ ਗ੍ਰਹਿਣ ਕਰਦੀ ਹੈ ।ਇਨ੍ਹਾਂ ਨਾਟਕਕਾਰਾਂ ਦੀ ਸੂਚੀ ਕਾਫੀ ਲੰਬੀ ਹੈ ਪਰੰਤੂ ਇਸ ਪੀੜ੍ਹੀ ਦੇ ਪ੍ਰਤੀ ਨਿੱਧ ਨਾਟਕਕਾਰਾਂ ਵਿਚ ਮਨਜੀਤਪਾਲ ਕੌਰ, ਪਾਲੀ ਭੁਪਿੰਦਰ, ਸਵਰਾਜ ਬੀਰ, ਸਤੀਸ਼ ਕੁਮਾਰ ਵਰਮਾ, ਦੇਵਿੰਦਰ ਕੁਮਾਰ, ਵਰਿਆਮ ਮਸਤ, ਜਤਿੰਦਰ ਬਰਾੜ, ਕੇਵਲ ਧਾਲੀਵਾਲ, ਜਗਦੀਸ਼ ਸਚਦੇਵਾ, ਸਾਹਿਬ ਸਿੰਘ, ਸਤਿੰਦਰ ਨੰਦਾ, ਕੁਲਦੀਪ ਸਿੰਘ ਦੀਪ, ਸੋਮਪਾਲ ਹੀਰਾ ਜਿਹੇ ਨਾਟਕਕਾਰਾਂ ਦੇ ਨਾਮ ਸ਼ਾਮਿਲ ਹਨ।ਇਸ ਹੀ ਵਿਚਾਰ ਦ੍ਰਿਸ਼ਟੀ ਤੋਂ ਸਤਵਿੰਦਰ ਬੇਗੋਵਾਲੀਆ ਦਾ ਨਾਮ ਵੀ ਪੰਜਾਬੀ ਨਾਟਕਕਾਰੀ ਦੀ ਚੌਥੀ ਪੀੜ੍ਹੀ ਦੇ ਪ੍ਰਤੀਨਿੱਧ ਨਾਟਕਕਾਰਾਂ ਵਿਚ ਵਿਸ਼ੇਸ਼ ਮਹੱਤਵ ਨੂੰ ਪ੍ਰਾਪਤ ਹੁੰਦਾ ਹੈ।

ਰੰਗ ਮੰਚ ਨਾਟਕ ਦਾ ਅਨਿਖੜਵਾਂ ਅੰਗ ਹੁੰਦਾ ਹੈ।ਇਸ ਲਈ ਕਿਸੇ ਵੀ ਨਾਟਕੀ ਰਚਨਾ ਨੂੰ ਕੇਵਲ ਸਾਹਿਤਕ ਕ੍ਰਿਤ ਸਵੀਕਾਰ ਨਹੀਂ ਕੀਤਾ ਜਾ ਸਕਦਾ।ਇਸ ਪ੍ਰਸੰਗ ਵਿਚ ਸਤਵਿੰਦਰ ਬੇਗੋਵਾਲੀਆ ਦੇ ਨਾਟਕ ਆਪਣੇ ਨਾਟਕੀ ਸੰਚਾਰ ਦੇ ਅਗਲੇ ਰੇਪਾ ਸਾਰਵ ਜੋਂ ਰੰਗਮੰਚ ਉਤੇ ਖੇਡੇ ਗਏ ਹਨ।ਇਸ ਤਰ੍ਹਾਂ ਉਸ ਦੇ ਨਾਟਕ ਮੰਚ ਉਤੇ ਦਰਸ਼ਕ-ਮੰਡਲ ਦੀ ਹਾਜ਼ਰੀ ਵਿਚ ਖੇਡੇ ਜਾਣ ਦੀ ਲਾਜ਼ਮੀ ਸ਼ਰਤ ਨੂੰ ਪੂਰੀ ਕਰਦੇ ਹਨ।ਇਸ ਤਰ੍ਹਾਂ ਥੀਏਟਰੀ ਪੁਨਰ ਜਟਿਲ ਪ੍ਰਕਿਰਿਆ ਬਾਰੇਂ ਨਾਟਕ ਕਾਰ ਦੀ ਰੰਗਮੰਚੀ ਸੂਝ ਦ੍ਰਿਸ਼ਟੀ ਗੋਚਰ ਹੁੰਦੀ ਹੈ।ਇੰਜ ਉਹ ਨਾਟਕ ਦੀ ਨਿਰੋਲ ਸਾਹਿਤਕ ਘੇਰੇ ਵਿਚੋਂ ਨਿਕਲਕੇ ਦ੍ਰਿਸ਼ਗਤ ਅਨੁਭਵ ਵੱਲ ਰੁਚਿਤ ਦਿਖਾਈ ਦਿੰਦਾ ਹੈ।ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਸਤਵਿੰਦਰ ਬੇਗੋਵਾਲੀਆ ਨਾਟਕ ਦੇ ਲਿਖਤੀ ਪਾਠ ਦੀ ਸਿਰਜਨਾ ਕਰਨ ਸਮੇਂ ਰੰਗ ਮੰਚ ਪ੍ਰਤੀ ਸੁਚੇਤ ਰਹਿੰਦਾ ਹੈ।ਇਹੀ ਕਾਰਨ ਹੈ ਕਿ ਉਸਦੀਆਂ ਨਾਟ-ਰਚਨਾਵਾਂ ਵਿਚ ਰੰਗਮੰਚੀ ਸੰਭਾਵਨਾਵਾਂ ਸ਼ਾਮਿਲ ਰਹਿੰਦੀਆਂ ਹਨ।ਇੰਜ ਸਤਵਿੰਦਰ ਬੇਗੋਵਾਲੀਆ ਦੀਆਂ ਨਾਟ-ਰਚਨਾਵਾਂ ਸਾਹਿਤਕ ਹੋਂਦ ਅਤੇ ਥੀਏਟਰੀ ਹੋਂਦ ਦੋਹਾਂ ਨੂੰ ਪ੍ਰਾਪਤ ਹੁੰਦੀਆਂ ਹਨ।ਇਹੀ ਉਸਦੀ ਥੀਏਟਰੀ ਚੇਤਨਾ ਦਾ ਪ੍ਰਮਾਣਹੈ।

'ਮੈਂ ਪੰਜਾਬਣ ਹਾਂ' ਨਾਟ-ਸੰਗ੍ਰਹਿ ਸਤਵਿੰਦਰ ਬੇਗੋਵਾਲੀਆ ਦੀ ਛੇਵੀਂ ਨਾਟ-ਪੁਸਤਕ ਹੈ।ਇਸ ਤੋਂ ਪਹਿਲਾਂ ਉਹ ਪੰਜ ਨਾਟ-ਪੁਸਤਕਾਂ ਦਾ ਪ੍ਰਕਾਸ਼ਨ ਕਰ ਚੁੱਕਾ ਹੈ।ਉਹ ਪੰਜਾਬੀ ਨਾਟ-ਜਗਤ ਵਿਚ 'ਕਲ ਯੁਗਦੀ ਮੈਲ' (1997) ਨਾਲ ਪ੍ਰਵੇਸ਼ ਕਰਦਾ ਹੈ।ਇਸ ਤੋਂ ਨਾਟਕ ਲਿਖਣ ਦਾ ਸਿਲਸਿਲਾ ਲਗਾਤਾਰ ਜਾਰੀ ਰਹਿੰਦਾ ਹੈ। 'ਜਬੈਬਾਣ ਲਾਗਿਯੋ' (1999), 'ਡਾਲਰ ਮੇਰਾ ਪੁੱਤਰ' (2003), 'ਜੇਠੂ ਦਾ ਕੋਠਾ' (2008) ਅਤੇ 'ਗ੍ਰਹਿਸਤ ਦਾ ਗੱਡਾ' (2015) ਨਾਂਦੀਆਂ ਪੁਸਤਕਾਂ ਪ੍ਰਕਾਸ਼ਿਤ ਹੋਈਆਂ ਹਨ। 'ਮੈਂ ਪੰਜਾਬਣ ਹਾਂ' ਨਾਟ-ਸੰਗ੍ਰਹਿ ਵਿਚ ਚਾਰ ਨਾਟ-ਰਚਨਾਵਾਂ ਨੂੰ ਸ਼ਾਮਿਲ ਕੀਤਾ ਗਿਆ ਹੈ।ਇਸ ਨਾਟ-ਪੁਸਤਕ ਦੀ ਭੂਮਿਕਾ ਲਿਖਦਿਆਂ ਡਾ. ਸਤੀਸ਼ ਕੁਮਾਰ ਵਰਮਾ ਨੇ ਸਤਵਿੰਦਰ ਬੇਗੋਵਾਲੀਆ ਨੂੰ ਅਹਿਮ ਨਾਟਕਕਾਰ ਵਜੋਂ ਸਵੀਕਾਰਿਆ ਹੈ।[1]ਪੰਜਾਬੀ ਨਾਟ-ਸੰਸਾਰ ਵਿਚ ਇਸ ਟਿੱਪਣੀ ਦਾ ਵਿਸ਼ੇਸ਼ ਮਹੱਤਵ ਹੈ।

ਸਤਵਿੰਦਰ ਬੇਗੋਵਾਲੀਆ ਪਹਿਲੀਆਂ ਤਿੰਨ ਨਾਟ-ਰਚਨਾਵਾਂ ਦਾ ਦ੍ਰਿਸ਼ਟੀ ਬਿੰਦੂ ਸਮਕਾਲੀਨ ਸਮਾਜਿਕ ਯਥਾਰਥਦਾ ਚਿਤਰਣ ਹੈ।ਉਹ ਮੱਧ ਵਰਗੀ ਸਮਾਜ ਦੀਆਂ ਮਾਨਸਿਕ ਸਮੱਸਿਆਵਾਂ ਨੂੰ ਪਛਾਣਨ ਦੀ ਦਿਸ਼ਾ ਵੱਲ ਕਾਰਜ ਕਰਦਿਆ ਨਾਟਕ ਦੇ ਵਿਸ਼ਿਆਂ ਦਾ ਕੇਂਦਰੀ ਆਧਾਰ ਬਣਾਉਣ ਦਾ ਯਤਨ ਕਰਦਾ ਹੈ ਅਤੇ ਅਖੀਰਲੀ ਨਾਟ-ਰਚਨਾ ਦੀ ਵਸਤੂ ਸਮੱਗਰੀ ਦੀ ਚੋਣ ਮਾਣ ਮੱਤੇ ਸਿੱਖ ਇਤਿਹਾਸ ਵਿਚੋਂ ਕਰਦਾ ਹੈ।।

1. ਮੈਂ ਪੰਜਾਬਣ ਹਾਂ :ਵਿਸ਼ੈਗਤ ਅਧਿਐਨ

ਇਸ ਨਾਟ-ਰਚਨਾ ਵਿਚ ਨਾਟਕਕਾਰ ਸਤਵਿੰਦਰ ਬੇਗੋਵਾਲੀਆ ਪੰਜਾਬ ਦੇ ਅਮੀਰ ਸਭਿਆਚਾਰ ਦੀ ਵਿਸ਼ੇਸ਼ਤਾ ਨੂੰ ਕੇਂਦਰੀ ਥੀਮ ਬਣਾ ਕੇ ਅਗਰ ਭੂਮਿਤ ਕਰਦਾ ਹੈ।ਪੰਜਾਬ ਦੀ ਖੁਸ਼ਹਾਲੀ ਨੇ ਦੇਸ਼ ਦੇ ਦੂਜੇ ਪ੍ਰਾਂਤਾਂ ਦੇ ਲੋਕਾਂ ਨੂੰ ਰੁਜਗਾਰ ਦੇਣ ਦੀ ਦ੍ਰਿਸ਼ਟੀ ਤੋਂ ਆਪਣੇ ਵੱਲ ਖਿੱਚਿਆ ਹੈ।ਇਹੀ ਕਾਰਨ ਹੈ ਕਿ ਪੰਜਾਬ ਦੀ ਕੁੱਲ ਵਸੋਂਦਾ ਵੱਡਾ ਭਾਗ ਗੈਰ ਪੰਜਾਬੀਆਂ ਦੀ ਹੈ ਜੋਰੁਜ਼ਗਾਰ ਪ੍ਰਾਪਤ ਕਰਨ ਲਈ ਆਏ ਤੇ ਪੰਜਾਬ ਦੇ ਵਸਨੀਕ ਬਣ ਗਏ।ਨਾਟਕਕਾਰ ਪੰਜਾਬ ਦੀ ਮਾਨਵੀ ਸਮੀਕਰਣ ਦੇ ਸੰਦਰਭ ਵਿਚ ਪੰਜਾਬੀ ਸਭਿਆਚਾਰ ਦਾ ਨਿਵੇਕਲਾ ਪੱਖ ਨੂੰ ਨਾਟਕ ਦਾ ਕੇਂਦਰੀ ਬਿੰਦੂ ਬਣਾਉਂਦਾ ਹੈ।ਪੰਜਾਬ ਨੇ ਪ੍ਰਵਾਸੀਆਂ ਨੂੰ ਕੇਵਲ ਰੁਜ਼ਗਾਰ ਹੀ ਨਹੀਂ ਦਿੱਤਾ ਬਲਕਿ ਉਨ੍ਹਾਂ ਨਾਲ ਕੋਈ ਦੂਜੈਲਾ ਵਿਵਹਾਰ ਨਹੀਂ ਕੀਤਾ ਸਗੋਂ ਉਨ੍ਹਾਂ ਨੂੰ ਵੀ ਪੰਜਾਬੀ ਹੋਣ ਦਾ ਸਨਮਾਨ ਦਿੱਤਾ ਹੈ।ਪੰਜਾਬ ਵਿਚ ਵਸੇ ਪ੍ਰਵਾਸੀਆਂ ਦੀ ਇਕ ਪੀੜ੍ਹੀ ਅਜਿਹੀ ਹੈ ਜੋ ਪੰਜਾਬੀਆਂ ਦੇ ਰੁਜਗਾਰ ਦੇ ਮੌਕਿਆਂ ਨੂੰ ਹਥਿਆ ਕੇ ਆਪਣਾ ਰੋਟੀ ਰਿਜਕਤਾਂ ਪੰਜਾਬ ਵਿਚੋਂ ਕਮਾਉਂਦੀ ਹੈ।ਇਥੇ ਦੇ ਸਾਰੇ ਪ੍ਰਕਿਰਤ ਕਵਸੀਲਿਆਂ ਦੀ ਵਰਤੋਂ ਕਰਦੇ ਹਨ ਪਰੰਤੂ ਉਨ੍ਹਾਂ ਨੇ ਪੰਜਾਬੀ ਭਾਸ਼ਾ ਅਤੇ ਪੰਜਾਬੀਅਤ ਪ੍ਰਤੀ ਬੇਗਾਨਗੀ ਦਾ ਰੁੱਖ ਅਪਣਾਇਆ ਹੋਇਆ ਹੈ ਜਦੋਂ ਕਿ ਇਕ ਅਜਿਹੀ ਪੀੜ੍ਹੀ ਹੈ ਜੋ ਪ੍ਰਵਾਸੀ ਪਰਿਵਾਰਾਂ ਵਿਚ ਪੰਜਾਬ ਵਿਚ ਜਨਮੀ ਹੈ, ਜਿਨ੍ਹਾਂ ਦੇ ਅੰਦਰ ਪੰਜਾਬੀ ਭਾਸ਼ਾ ਅਤੇ ਪੰਜਾਬੀ ਸਭਿਆਚਾਰ ਪ੍ਰਤੀ ਇਮਾਨਦਾਰੀ ਹੈ।ਉਹ ਆਪਣੇ ਆਪ ਨੂੰ ਪੰਜਾਬੀ ਹੋਣ ਵਿਚ ਮਾਣ ਮਹਿਸੂਸ ਕਰਦੀ ਹੈ ਅਤੇ ਆਪਣੇ ਮੂਲਪ੍ਰਾਂਤ ਦੇ ਸਭਿਆਚਾਰ ਨਾਲੋਂ ਮੋਹ ਭੰਗ ਕਰ ਚੁੱਕੀ ਹੈ।ਸੁਆਰਥੀ ਪੁਰਾਣੀ ਪੀੜ੍ਹੀ ਨਵੀਂ ਪੀੜ੍ਹੀ ਨੂੰ ਉਸਦੇ ਮੂਲ ਸਭਿਆਚਾਰ ਨਾਲ ਜੋੜੀ ਰੱਖਣ ਲਈ ਹਰ ਸੰਭਵ ਯਤਨ ਕਰਦੇ ਹਨ ਜਦਕਿ ਨਵੀਂ ਪੀੜ੍ਹੀ ਪੰਜਾਬੀ ਸਭਿਆਚਾਰ ਨੂੰ ਤਿਆਗ ਕੇ ਦੂਜੇ ਸਭਿਆਚਾਰ ਨੂੰ ਪ੍ਰਵਾਨ ਕਰਨ ਤੋਂ ਇਨਕਾਰੀ ਹੈ।ਇਸ ਅੰਤਰ ਦਵੰਦ ਵਿਚੋਂ ਹੀ ਨਾਟਕ ਦਾ ਵਿਸ਼ਾ ਜਨਮ ਦਾ ਹੈ ਅਤੇ ਕਥਾਨਕ ਉਭਰਦਾ ਹੈ।ਇਹੀ ਅੰਤਰ ਦਵੰਦਾਤ ਮਿਕ ਤਣਾਓਦਾ ਉਭਾਰਨਾਟ ਕੀ ਕਾਰਜ ਨੂੰ ਭਖਦਾ ਰੱਖਦਾ ਹੈ।ਦੁਰਗਾ ਦਾਸ ਅਤੇ ਉਸਦੀ ਪਤਨੀ ਸਰਿਤਾ ਪਰਿਵਾਰ ਸਮੇਤ ਨੌਕਰੀ ਕਰਨ ਹਿਤ ਪਹਾੜ ਤੋਂ ਪੰਜਾਬ ਵਿਚ ਆ ਕੇ ਵਸੇ ਹੋਏ ਹਨ।ਪੰਜਾਬ ਵਿਚ ਲੰਬਾ ਸਮਾਂ ਗੁਜਾਰਨ ਤੋਂ ਬਾਅਦ ਵੀ ਉਨ੍ਹਾਂ ਦੀ ਵਫਾਦਾਰੀਆ ਪਣੇ ਪਹਾੜ ਦੇ ਇਲਾਕੇ ਨਾਲ ਹੈ। ਉਹ ਪੰਜਾਬੀ ਦੀ ਥਾਂ ਹਿੰਦੀ ਬੋਲਦੇ ਹਨ।ਆਪਣੇ ਰਸਮ ਰਿਵਾਜ, ਤਿਉਹਾਰ ਆਦਿ ਪਹਾੜੀ ਸਭਿਆਚਾਰ ਵਾਲੇ ਹੀ ਮਨਾਉਂਦੇ ਹਨ। ਉਸ ਦੀਆਂ ਦੋ ਧੀਆਂ ਕੰਚਨ ਅਤੇ ਸੋਨੀ ਪੰਜਾਬ ਵਿਚ ਹੀ ਜਨਮੀਆਂ ਹਨ। ਕੰਚਨ ਕਾਲਜ ਪੜ੍ਹਨ ਸਮੇਂ ਯੂਨੀਵਰਸਿਟੀ ਦੀ ਪ੍ਰਸਿੱਧ ਅਥਲੀਟ ਹੈ। ਉਸਨੇ ਅਥਲੈਟਿਕਸ ਦੇ ਖੇਤਰ ਵਿਚ ਕਈ ਤਮਗੇ ਜਿੱਤੇ ਹਨ। ਉਸਦੀ ਇੱਛਾ ਦੇ ਵਿਰੁੱਧ ਮਾਂ ਬਾਪ ਵਲੋਂ ਉਸਦੀ ਸ਼ਾਦੀ ਪਹਾੜੀ ਲੜਕੇ ਨਾਲ ਕਰ ਦਿੱਤੀ ਜਾਂਦੀ ਹੈ।ਉਹ ਪੰਜਾਬ ਵਿਚ ਜੰਮੀ ਪਲੀ ਪੜ੍ਹੀ

ਲਿਖੀ ਹੈ, ਪੰਜਾਬੀ ਸਭਿਆਚਾਰ ਨਾਲ ਉਸਦਾ ਲਗਾਓ ਹੈ ਅਤੇ ਉਸ ਲਈ ਪਹਾੜੀ ਸਭਿਆਚਾਰ ਓਪਰਾ ਹੈ।ਉਹ ਸ਼ਾਦੀ ਤੋਂ ਬਾਅਦ ਪੰਜਾਬੀ ਸਭਿਆਚਾਰ ਤੋਂ ਟੁੱਟ ਜਾਣ ਕਾਰਨ ਮਾਨਸਿਕ ਉਤਪੀੜਨ ਦਾ ਸ਼ਿਕਾਰ ਹੋ ਜਾਂਦੀ ਹੈ। ਉਹ ਸਹੁਰੇ ਘਰ ਨਾਲੋਂ ਜਿਆਦਾ ਸਮਾਂ ਪੰਜਾਬ ਵਿਚ ਰਹਿਣਾ ਚਾਹੁੰਦੀ ਹੈ।ਉਸਦੇ ਮਾਂ ਬਾਪ ਜਵਾਨ ਹੋਈ ਆਪਣੀ ਧੀ ਦੇ ਅੰਤਰਗਤ ਭਾਵਾਂ, ਉਦਗਾਰਾਂ, ਮਨੋਵੇਗਾਂ, ਆਂਤਰਿਕ ਦਵੰਦਾਂ, ਕੁੰਠਾਵਾਂ ਦੀ ਸੰਵੇਦਨਾ ਪ੍ਰਤੀ ਅਨਜਾਣ ਹਨ।ਉਨ੍ਹਾਂ ਲਈ ਧੀ ਦੀ ਸ਼ਾਦੀ ਦਾ ਅਰਥ ਕੇਵਲ ਇੰਨਾ ਹੈ ਕਿ ਉਸਨੂੰ ਉਸਦੀ ਰੁੱਚੀ ਦੀ ਪ੍ਰਵਾਹ ਕੀ ਤੇ ਬਗੈਰ ਕਿਸੇ ਵੀ ਆਰਥਿਕ ਰੂਪ ਵਿਚ ਸੌਖੇਪ ਰਿਵਾਰ ਵਿਚ ਤੋਰ ਦਿੱਤਾ ਜਾਵੇ। ਇਸਦਾ ਨਤੀਜਾ ਇਹ ਹੋਇਆ ਕਿ ਕੰਚਨ ਮਾਨਸਿਕ ਉਤਪੀੜਨ ਨਾ ਸਹਿਣ ਕਰਦੀ ਹੋਈ ਅੰਤ ਵਿਚ ਦੰਮ ਤੋੜ ਜਾਂਦੀ ਹੈ।ਨਾਟਕ ਦੀ ਨਾਇਕਾ ਕੰਚਨ ਦੀ ਛੋਟੀ ਭੈਣ ਸੋਨੀ ਹੈ। ਉਹ ਕਾਲਜ ਵਿਚ ਬੀ. ਏ. ਭਾਗ ਤੀਜੇ ਦੀ ਵਿਦਿਆਰਥਣ ਹੈ।ਉਹ ਪੰਜਾਬੀ ਪੰਜਾਬੀ ਗੀਤਾਂ ਦੀ ਗਾਇਕੀ ਵਿਚ ਆਪਣੇ ਕਾਲਜ ਦੀ ਪ੍ਰਤੀਨਿੱਧਤਾ ਕਰਦੀ ਹੈ।ਉਹ ਲੋਹੜੀ ਤੇ ਵਿਸਾਖੀ ਦੇ ਤਿਉਹਾਰਾਂ ਤੇ ਪੰਜਾਬੀ ਬੋਲੀਆਂ ਪਾਉਂਦੀ ਅਤੇ ਢੋਲ ਦੀ ਤਾਲ ਤੇ ਜੀਅ ਭਰਕੇ ਗਿੱਧਾ ਪਾਉਂਦੀ ਹੈ।ਉਸਦਾ ਸਹਿਪਾਠੀ  ਕੁਲਵੀਰ ਹੈ ਜੋ ਕਿਸਾਨੀ ਪਰਿਵਾਰ ਨਾਲ ਸੰਬੰਧਤ ਹੈ।ਦੋਵੇਂ ਕਾਲਜ ਵਿਚ ਪੜ੍ਹਾਈ ਅਤੇ ਗਾਇਕੀ ਵਿਚ ਇਕ ਦੂਜੇ ਦੇ ਪ੍ਰਤੀ ਦਵੰਦੀ ਹਨ।ਯੁਵਕ ਮੇਲੇ ਵਿਚ ਦੋ ਗਾਣਿਆਂ ਦੀ ਪ੍ਰਤੀਯੋਗਤਾ ਦੌਰਾਨ ਦੋਹਾਂ ਵਲੋਂ ਸਾਂਝੇ ਰੂਪ ਵਿਚ ਗਾਇਆ ਗੀਤ ਪ੍ਰਥਮ ਸਥਾਨ ਹਾਸਿਲ ਕਰਦਾ ਹੈ।ਦੋਵਾਂ ਦਰਮਿਆਨ ਪਿਆਰ ਦੀ ਸਾਂਝ ਅੰਗੜਾਈ ਲੈਂਦੀ ਹੈ ਅਤੇ ਦੋਹਾਂ ਦਰਮਿਆਨ ਇਕ ਦੂਜੇ ਪ੍ਰਤੀ ਚਾਹਤ ਪੈਦਾ ਹੋ ਜਾਂਦੀ ਹੈ।ਸੋਨੀ ਬੀ. ਏ. ਵਿਚੋ਼ ਯੂਨੀਵਰਸਿਟੀ ਦੀ ਗੋਲਡ ਮੈਡਲਿਸਟ ਦੇ ਰੂਪ ਵਿਚ ਪਹਿਲਾ ਸਥਾਨ ਹਾਸਿਲ ਕਰਕੇ ਪਾਸ ਹੁੰਦੀ ਹੈ।ਸੋਨੀ ਅਤੇ ਕੁਲਵੀਰ ਦੋਵੇਂ ਕਾਲਜ ਵਿਚ ਆਏ ਐਮ. ਏ. ਦੇ ਨਵੇਂ ਕੋਰਸ ਵਿਚ ਦਾਖਲਾ ਲੈਣ ਦੀ ਯੋਜਨਾ ਬਣਾਉਂਦੇ ਹਨ ਪਰੰਤੂ ਸੋਨੀ ਦਾ ਪਰਿਵਾਰ ਉਸਨੂੰ ਬੀ. ਏ. ਤੋਂ ਬਾਅਦ ਪੜ੍ਹਾਉਣ ਦੇ ਹੱਕ ਵਿਚ ਨਹੀਂ ਹੈ ਕਿਉਂਕਿ ਉਹ ਉਸਦੀ ਸ਼ਾਦੀ ਪਹਾੜ ਵਿਚ ਕਿਸੇ ਫਰੂਟ ਦੇ ਆੜਤੀਏ ਦੇ ਪੁੱਤਰ ਜੋ ਕਿ ਬੈਂਕ ਵਿਚ ਬਾਊ ਹੈ, ਨਾਲ ਕਰਨਾ ਚਾਹੁੰਦੇ ਹਨ। ਸੋਨੀ ਮਾਂਪਿਆਂ ਨੂੰ ਮਨਾਉਣ ਦਾ ਯਤਨ ਕਰਦੀ ਹੈ ਕਿ ਪਹਿਲੀ ਗੱਲ ਤਾਂ ਉਹ ਪੜ੍ਹਕੇ ਪੀ. ਸੀ. ਐਸ. ਅਫਸਰ   ਬਣਨਾ ਚਾਹੁੰਦੀ  ਹੈ ਦੂਜੀ ਗੱਲ ਉਹ ਕਿਸੇ ਵੀ ਕੀਮਤ ਤੇ ਗੈਰ ਪੰਜਾਬੀ ਲੜਕੇ ਨਾਲ ਸ਼ਾਦੀ ਹਰਗਿਜ਼ ਨਹੀਂ ਕਰੇਗੀ ਕਿਉਂਕਿ ਉਹ ਪੰਜਾਬਣ ਹੈ, ਅਤੇ ਪੰਜਾਬੀ ਸਭਿਆਚਾਰ ਵਿਚ ਜਿਉਂਦੇ ਜਾਗਦੇ ਕਿਸੇ ਪੰਜਾਬੀ ਲੜਕੇ ਨਾਲ ਹੀ ਸ਼ਾਦੀ ਕਰਾਏਗੀ ਪਰੰਤੂ ਮਾਪੇ ਉਸਦੀ ਸ਼ਾਦੀ ਪਹਾੜੀ ਲੜਕੇ ਨਾਲ ਕਰਨ ਲਈ ਬਜਿੱਦ ਹਨ।

> ਸੋਨੀ : ਮੈਨੂੰ ਲੈ ਜਾਣਗੇ ਪਰਦੇਸ --- ਮੇਰੀ ਬੋਲੀ ---
> ਮੇਰਾ ਪੰਜਾਬੀ ਪਹਿਰਾਵਾ--- ਮੇਰੇ ਗੀਤ ---
> ਮੇਰੇ ਨਾਚ --- ਸਭ ਦੀ ਬਲੀ ਦੇ ਦਿੱਤੀ ਜਾਵੇਗੀ। [12]

ਆਖਰ ਉਸਦੇ ਰਿਸ਼ਤੇ ਲਈ ਤਿਆਰੀ ਕੀਤੀ ਜਾਂਦੀ ਹੈ। ਮਾਪੇ ਸੋਨੀ ਨੂੰ ਇਕ ਕਮਰੇ ਵਿਚ ਡੱਕ ਕੇ ਬਾਹਰ ਤਾਲਾ ਲਾ ਦਿੰਦੇ ਹਨ ਅਤੇ ਉਸਦੇ ਜਬਰੀ ਸ਼ਾਦੀ ਕਰਨ ਦੀ ਯੋਜਨਾ ਬਣਾਉਂਦੇ ਹਨ।ਉਹ ਈਸ਼ਵਰ ਚੰਦਰ ਨੰਦਾ ਦੇ ਪ੍ਰਥਮ ਨਾਟਕ ਸੁਹਾਗਦੀਨਾ ਇਕਾ ਮੇਲੋ ਵਾਂਗ ਘਰਦਿਆਂ ਤੋਂ ਬਾਗੀ ਹੋ ਕੇ ਦੌੜ ਜਾਂਦੀ ਹੈ।ਇਸ ਕੰਮ ਵਿਚ ਕੁਲਵੀਰ ਉਸਦੀ ਮੱਦਦ ਕਰਦਾ ਹੈ।ਇਸ ਤਰ੍ਹਾ ਸੋਨੀ ਪੰਜਾਬਣ ਹੋਣ ਦੀ ਵਫਾ ਪਾਲਦੀ  ਹੈ।ਇੰਜ ਨਾਟਕਕਾਰ ਪਰੰਪਰਾਗਤ ਵਿਆਹ ਸੰਸਥਾ ਉਪਰ ਆਪਣਾ ਆਕ੍ਰੋਸ਼ ਪ੍ਰਗਟ ਕਰਦਾ ਹੋਇਆ ਇਹ ਸੁਨੇਹਾ ਦੇਣਾ ਚਾਹੁੰਦਾ ਹੈ ਜੋ ਲੋਕ ਪੰਜਾਬ ਨੂੰ ਸਿਰਫ ਕਰਮ ਭੂਮੀ ਵਜੋਂ ਵਰਤ ਦੇ ਹਨ ਪਰੰਤੂ ਪੰਜਾਬ, ਪੰਜਾਬੀ ਅਤੇ ਪੰਜਾਬੀ ਅਤ ਦੇ ਪੈਰੋਕਾਰ ਨਹੀਂ ਹਨ ਉਹ ਅਕ੍ਰਿਤਘਣ ਹਨ।ਪੰਜਾਬ ਦੀ ਭੂਮੀ ਬਿਨਾ ਭੇਦਭਾਵ ਦੇ ਹਰ ਕਿਸੇ ਨੂੰ ਮਾਂ ਵਾਂਗ ਆਪਣੀ ਗੋਦ ਦਾ ਪਿਆਰ ਦਿੰਦੀ ਹੈ।ਇਸ ਪ੍ਰਤੀ ਬੇਵਫਾ ਹੋਣਾ ਪੰਜਾਬ ਨਾਲ ਧੋਖਾ ਹੈ।ਜੋ ਪੰਜਾਬੀ ਸਭਿਆਚਾਰ ਵਿਚ ਰਚ ਰਮ ਗਏ ਹਨ ਉਨ੍ਹਾਂ ਨੂੰ ਕਿਸੇ ਵੀ ਕੀਮਤ ਤੇ ਇਸ ਸਭਿਆਚਾਰ ਤੋਂ ਵੱਖ ਹੋ ਕੇ ਜਿਊਣਾ ਮੰਜ਼ੂਰ ਨਹੀਂ ਹੈ।

2. ਕਲਮਕਾਰ : ਵਿਸ਼ਾਗਤ ਅਧਿਐਨ

ਕਲਮਕਾਰ ਸਤਵਿੰਦਰ ਬੇਗੋਵਾਲੀਆ ਦੀ ਇਕ ਅਜਿਹੀ ਨਾਟ-ਰਚਨਾ ਹੈ ਜੋ ਸਮਾਜ ਦੇ ਬੁੱਧੀਜੀਵੀ ਵਰਗ ਦੀਆਂ ਪ੍ਰਵਿਰਤੀਆਂ ਨੂੰ ਦ੍ਰਿਸ਼ਮਾਨ ਕਰਨ ਦਾ ਯਤਨ ਕਰਦੀ ਹੈ। ਲੇਖਕ ਸਮਾਜ ਦਾ ਇਕ ਅਜਿਹਾ ਵਰਗ ਹੁੰਦਾ ਹੈ ਜੋ ਇਤਿਹਾਸ ਦੀ ਸੰਵੇਦਨਾ, ਸਮਕਾਲੀ

ਯਥਾਰਥ ਅਤੇ ਮਾਨਵੀ ਸਰੋਕਾਰਾਂ ਦਾ ਸ਼ਾਬਦਿਕ ਚਿਤਰਣ ਵਿਅਕਤੀਗਤ ਦ੍ਰਿਸ਼ਟੀ ਅਤੇ ਵਿਚਾਰਧਾਰਾ ਤੋਂ ਸਾਹਿਤ ਦੀ ਕਿਸੇ ਵੀ ਵਿਧਾ ਵਿਚ ਕਰਦਾ ਹੈ। ਕਲਮਕਾਰ ਦੇ ਕਥਾਨਕ ਅਨੁਸਾਰ ਕਾਮਰੇਡ਼ ਨਾਂ ਦਾ ਬਜ਼ੁਰਗ ਪਾਤਰ ਲੰਬੇ ਸਮੇਂ ਤੋਂ ਸਮਾਜਵਾਦੀ ਵਿਚਾਰਧਾਰਾ ਦਾ ਸਮਰਥਕ ਹੈ ਅਤੇ ਉਸ ਅਧੀਨ ਸਾਹਿਤ-ਸਿਰਜਨਾ ਕਰ ਰਿਹਾ ਹੈ। ਇਲਾਕੇ ਵਿਚ ਉਸਦਾ ਸਤਿਕਾਰ ਹੈ ਤੇ ਸਾਹਿਤ ਸਭਾਵਾਂ ਦੇ ਸਮਾਗਮਾਂ ਦੌਰਾਨ ਅਕਸਰ ਉਸਨੂੰ ਪ੍ਰਧਾਨ ਬਣਾਇਆ ਜਾਂਦਾ ਹੈ।ਉਹ ਹਰ ਸਾਹਿਤਕ ਰਚਨਾ ਨੂੰ ਸੰਕੁਚਿਤ ਦ੍ਰਿਸ਼ਟੀ ਤੋਂ ਵੇਖਦਾ ਹੈ ਜਿਸਦੇ ਫਲਸਰੂਪ ਉਹ ਨਵੇਂ ਸਾਹਿਤਕਾਰਾਂ ਨੂੰ ਪ੍ਰੇਰਣਾ ਦੇਣ ਦੀ ਥਾਂ ਉਨ੍ਹਾਂ ਨੂੰ ਨਿਰਉਤਸਾਹਿਤ ਕਰਦਾ ਹੋਇਆ ਨਾਂਹ ਪੱਖੀ ਭੂਮਿਕਾ ਨਿਭਾਉਂਦਾ ਹੈ। ਹਿੰਮਤ ਸਿੰਘ ਇਕ ਨਾਟਕਕਾਰ ਵਜੋਂ ਸਾਹਿਤ ਸਭਾ ਦਾ ਮੈਂਬਰ ਹੈ। ਹਿੰਮਤ ਸਿੰਘ ਦੇ ਨਾਟਕ ਪੰਜਾਬੀ ਨਾਟਕ ਦੀ ਸਮਕਾਲੀ ਸਥਿਤੀ ਦੇ ਪ੍ਰਸੰਗ ਵਿਚ ਵਿਸ਼ੇਸ਼ ਸਥਾਨ ਨੂੰ ਪ੍ਰਾਪਤ ਹੁੰਦੇ ਹਨ।ਉਸਦੇ ਨਾਟਕਾਂ ਨੂੰ ਵਿਭਿੰਨ ਸੰਸਥਾਵਾਂ ਵਲੋਂ ਪੁਰਸਕਾਰ ਪ੍ਰਾਪਤ ਹੋਏ ਹਨ ਪਰੰਤੂ ਕਾਮਰੇਡ ਉਸਦੇ ਨਾਟਕਾਂ ਨੂੰ ਆਪਣੀ ਵਿਚਾਰਧਾਰਕ ਕਸੌਟੀ ਤੇ ਪਰਖ ਕੇ ਮਾਣਤਾ ਦੇਣ ਦੀ ਬਜਾਇ ਰੱਦ ਕਰਦਾ ਹੈ। ਹਿੰਮਤ ਸਿੰਘ ਅਨੁਸਾਰ ਕਾਮਰੇਡਾਂ ਦੀ ਰਾਜਨੀਤਕ ਵਿਚਾਰਧਾਰਾ ਦਾ ਜਨਤਕ ਆਧਾਰ ਸਮਾਜ ਵਿਚ ਖੁਸ ਚੁੱਕਾ ਹੈ ਅਤੇ ਇਹ ਵੀ ਲਾਜ਼ਮੀ ਨਹੀਂ ਹੈ ਕਿ ਹਰੇਕ ਰਚਨਾ ਨੂੰ ਕੇਵਲ ਸਮਾਜਵਾਦੀ ਵਿਚਾਰਧਾਰਾ ਦੀ ਕਸੌਟੀ ਦੇ ਆਧਾਰ ਤੇ ਵਿਸ਼ਲੇਸ਼ਣ ਕੀਤਾ ਜਾਵੇ, ਅਜਿਹਾ ਕਰਨਾ ਤਰਕ ਸੰਗਤ ਨਹੀਂ ਹੈ। ਕਾਮਰੇਡ ਨਾਟ-ਸਮੀਖਿਅਕਾਂ ਨੂੰ ਵਿਕਾਊ ਆਖਦਾ ਹੈ ਜੋ ਹਿੰਮਤ ਸਿੰਘ ਦੇ ਨਾਟਕਾਂ ਨੂੰ ਸਮਕਾਲੀ ਮਿਆਰ ਦੇ ਹਾਣੀ ਆਖ ਰਹੇ ਹਨ। ਹਿੰਮਤ ਸਿੰਘ ਵਲੋਂ ਉਸਦੇ ਨਾਟਕਾਂ ਬਾਰੇ ਚਰਚਾ ਕਰਨ ਅਤੇ ਉਨ੍ਹਾਂ ਦੀ ਆਲੋਚਨਾ ਕਰਨ ਬਾਰੇ ਕਾਮਰੇਡ ਕੋਈ ਉਚਿਤ ਅਤੇ ਸੰਤੋਸ਼ਜਨਕ ਤਰਕ ਨਹੀਂ ਦੇ ਸਕਿਆ। ਇਸਦੇ ਨਤੀਜੇ ਵਜੋਂ ਉਹ ਈਰਖਾ ਵੱਸ ਨਾਰਾਜ਼ ਹੋ ਕੇ ਸਮਾਗਮ ਨੂੰ ਛੱਡ ਕੇ ਚਲਾ ਜਾਂਦਾ ਹੈ।ਇਕ ਨਾਟਕੀ ਘਟਨਾ ਵਿਚ ਇਲਾਕੇ ਦੇ ਬਦਮਾਸ਼ ਨਸ਼ੇੜੀ ਘੁੱਘਨਾਂ ਦੇ ਨੌਜਵਾਨ ਨੇ ਕਾਮਰੇਡ ਦੇ ਸਾਈਕਲ ਵਿਚ ਤੇਜ਼ ਰਫਤਾਰ ਮੋਟਰ ਸਾਇਕਲ ਮਾਰਿਆ। ਘੁੱਘ ਨੇ ਕਾਮਰੇਡ ਕੋਲੋਂ ਗਲਤੀ ਮੰਨਣ ਦੀ ਬਜਾਇ ਉਸਦੀ ਉਮਰ ਅਤੇ ਰੁਤਬੇ ਦਾ ਲਿਹਾਜ਼ ਕੀਤੇ ਬਿਨਾ ਸ਼ਰੇਆਮ ਉਸਨੂੰ ਗਾਲ੍ਹਾ ਕਢੀਆਂ ਅਤੇ ਪੱਗ ਲਾਹ ਦਿੱਤੀ ।ਸਾਰੇ ਇਲਾਕੇ ਵਿਚ ਇਸ ਘਟਨਾ ਦੀ ਚਰਚਾ ਹੁੰਦੀ ਹੈ ਅਤੇ ਕਾਮਰੇਡ ਬੇਇਜਤੀ ਬਰਦਾਸ਼ਤ ਨਾ ਕਰਦਾ ਹੋਇਆ ਠਾਣੇ ਸ਼ਿਕਾਇਤ ਕਰਨ ਲਈ ਕੁਝ ਲੋਕਾਂ ਨੂੰ ਨਾਲ ਲੈ ਕੇ ਜਾਣਾ ਚਾਹੁੰਦਾ ਹੈ ਪਰੰਤੂ ਉਸ ਨਾਲ ਹਮਦਰਦੀ ਰੱਖਣ ਵਾਲੇ ਲੋਕਾਂ ਦੀ ਗਿਣਤੀ ਨਾ ਦੇ ਬਰਾਬਰ ਹੈ। ਕਾਮਰੇਡ ਦਾ ਦੋਸਤ ਨੱਥਾ ਸਿੰਘ ਗਿਲਾ ਕਰਦਾ ਹੈ ਕਿ ਕਾਮਰੇਡਾਂ ਨੇ ਦਹਾਕਿਆਂ ਤੋਂ ਸ਼ਹੀਦੀ ਭਵਨ ਮੱਲੇ ਹੋਏ ਨੇ ਅਤੇ ਆਮ ਕੇਡਰ ਉਨ੍ਹਾਂ ਤੋਂ ਟੁੱਟ ਚੁੱਕਾ ਹੈ। ਉਹ ਕਹਿੰਦਾ ਹੈ ਕਿ ਕਾਮਰੇਡਾਂ ਨਾਲੋਂ ਤਾਂ ਥੜ੍ਹੇ ਤੇ ਤਾਸ਼ ਖੇਡਣ ਵਾਲੇ ਵਿਹਲੜ ਚੰਗੇ ਹਨ ਜੋ ਇਕ ਅਵਾਜ਼ ਮਾਰੀ ਤੇ ਇਕੱਠੇ ਤਾਂ ਹੋ ਜਾਂਦੇ ਹਨ।ਕਾਮਰੇਡ ਪੰਜ ਸੱਤ ਸਾਥੀਆਂ ਨਾਲ ਠਾਣੇ ਜਾਂਦਾ ਹੈ ਪਰ ਠਾਣੇਦਾਰ ਘੁੱਘ ਨਾਲ ਸਿੱਧਾ ਸਮਝੋਤਾ ਕਰਨ ਦੀ ਸਲਾਹ ਦਿੰਦਾ ਹੈ।ਨੱਥਾ ਸਿੰਘ ਪੁਲੀਸ ਉਪਰ ਜਨਤਕ ਅਤੇ ਮੀਡੀਆ ਦਾ ਦਬਾਓ ਪਾਉਣ ਲਈ ਹਿੰਮਤ ਸਿੰਘ ਨੂੰ ਬਲਾਉਣ ਦੀ ਸਲਾਹ ਦਿੰਦਾ ਹੈ ਪਰੰਤੂ ਕਾਮਰੇਡ ਉਸ ਨਾਲ ਕੀਤੀ ਵਧੱੀਕੀ ਕਾਰਨ ਬਲਾਉਣ ਤੋਂ ਝਿਜਕਦਾ ਹੈ।ਜਦੋਂ ਹਿੰਮਤ ਸਿੰਘ ਇਲਾਕੇ ਦੇ ਚੇਤਨ ਲਿਖਾਰੀਆਂ ਦੇ ਵਿਸ਼ਾਲ ਸਮੂਹ ਅਤੇ ਮੀਡੀਆ ਦੇ ਲੋਕਾਂ ਨੂੰ ਲੈਕੇ ਠਾਣੇ ਦਾ ਘਿਰਾਓ ਕਰਦੇ ਹਨ ਤਾਂ ਪੁਲੀਸ ਹਰਕਤ ਵਿਚ ਆਉਂਦੀ ਹੈ ਅਤੇ ਘੁੱਘ ਨੂੰ ਠਾਣੇ ਸੱਦਿਆ ਜਾਂਦਾ ਹੈ।ਠਾਣੇਦਾਰ ਸਿਪਾਹੀਆਂ ਨੂੰ ਘੁੱਘ ਤੇ ਸਖਤੀ ਕਰਨ ਦਾ ਹੁਕਮ ਦਿੰਦਾ ਹੈ।ਹਿੰਮਤ ਸਿੰਘ ਘੁੱਘ ਨੂੰ ਸਜਾ ਦੇਣ ਦੇ ਹੱਕ ਵਿਚ ਨਹੀਂ ਹੈ।ਇਸ ਨਿਰਣੇ ਤੋਂ ਨਾਟਕਕਾਰ ਆਦਰਸ਼ਵਾਦੀ ਅਤੇ ਸੁਧਾਰਵਾਦੀ ਸੋਚ ਦ੍ਰਿਸ਼ਟੀ ਗੋਚਰ ਹੁੰਦੀ ਹੈ।

ਕਾਮਰੇਡ : ਸਾਡੀ ਦੁਸ਼ਮਣੀ ਕਿਸੇ ਬਦਮਾਸ਼ ਨਾਲ ਨਹੀਂ, ਸਗੋਂ ਬਦਮਾਸ਼ੀ ਨਾਲ ਹੈ, ਜੋ ਇਨਸਾਨ ਨੂੰ ਹੈਵਾਨ ਬਣਾ ਦਿੰਦੀ ਹੈ। [13]

ਨਾਟਕਕਾਰ ਸਮਾਜ ਵਿਚ ਸਕਾਰਾਤਮਿਕ ਪ੍ਰਭਾਵ ਸਿਰਜਣ ਦਾ ਇਛੁਕ ਹੈ।ਇੰਜ ਹਿੰਮਤਿ ਿਸੰਘ ਇਹ ਚਾਹੁੰਦਾ ਹੈ ਕਿ ਘੁੱਘ ਦਿਲੋਂ ਕਾਮਰੇਡ ਤੋ਼ ਮਾਡੀ ਮੰਗ ਲਵੇ।ਕਾਮਰੇਡ ਬੁੱਧੀ ਜੀਵੀਆਂ ਦੀ ਕਲਮ ਦੀ ਤਾਕਤ ਮਹਿਸੂਸ ਕਰ ਰਿਹਾ ਹੈ।ਨਾਟਕਕਾਰ ਇਹ ਸੁਨੇਹਾ ਦੇਣ ਦਾ ਯਤਨ ਕਰਦਾ ਹੈ ਕਿ ਕਿਸੇ ਵੀ ਸਾਹਿਤਕਾਰ ਦੀ ਕਿਸੇ ਵੀ ਵਿਚਾਰਧਾਰਾ ਨਾਲ ਪ੍ਰਤੀ ਬੱਧਤਾ ਹੋ ਸਕਦੀ ਹੈ ਪਰੰਤੂ ਕਲਮ ਭਾਵੇਂ ਨਵੀਂ ਹੋਵੇ ਜਾਂ ਪੁਰਾਣੀ ਸਭ ਕਲਮਕਾਰਾਂ ਦਾ ਸਤਿਕਾਰ ਕਰਨਾ ਬਣਦਾ ਹੈ।ਇੰਜ ਕਾਮਰੇਡ ਜਿੱਤ ਦਾ ਅਨੁਭਵ ਕਰਦਾ ਹੈ।

3. ਪਿੰਡ ਦਾ ਵਿਹੜਾ :ਵਿਸ਼ਾਗਤ ਅਧਿਐਨ

ਇਸ ਨਾਟਕ ਵਿਚ ਸਤਵਿੰਦਰ ਬੇਗੋਵਾਲੀਆ ਸਮਾਜਿਕ ਮਾਨਸਿਕ ਸਮੱਸਿਆ ਨੂੰ ਨਾਟਕੀ ਵਿਸ਼ੇ ਦਾ ਆਧਾਰ ਬਣਾਉਂਦਾ ਹੈ।ਕਥਾਨਕ ਅਨੁਸਾਰ ਅਨੂਪ ਚੰਦ ਕਾਲਜ ਦਾ ਪ੍ਰੋਫੈਸਰ ਹੈ ਜੋ ਪਿੰਡ ਵਿਚਲਾ ਘਰ ਵੇਚਕੇ ਆਪਣੀ ਪਤਨੀ ਮੋਨਿਕਾ ਅਤੇ ਪਰਿਵਾਰ ਨਾਲ ਸ਼ਹਿਰ ਵਿਚ ਕੋਠੀ ਖਰੀਦ ਕੇ ਵੱਸ ਜਾਣਾ ਚਾਹੁੰਦਾ ਹੈ।ਉਸਦੇ ਪਿੰਡ ਤੋ ਸ਼ਹਿਰ ਵੱਲ ਪਲਾਇਨ ਕਰਨ ਦੇ ਦੋ ਕਾਰਨ ਹਨ।ਪਹਿਲਾ ਤਾਂ ਇਹ ਕਿ ਉਸਦੀ ਪਿੰਡ ਵਿਚ ਪਛਾਣ ਪ੍ਰੋਫੈਸਰ ਦੀ ਨਹੀਂ ਬਲਕਿ ਮੋਚੀ ਕਰਤਾਰੇ ਦੇ ਮੁੰਡੇ ਦੇ ਰੂਪ ਵਿਚ ਹੈ।ਉਹ ਇਸਤੋਂ ਚਿੜਦਾ ਹੈ।ਦੂਜਾ ਪਿੰਡ ਦੇ ਮੁਕਾਬਲੇ ਸ਼ਹਿਰਾਂ ਵਿਚ ਬੱਚਿਆਂ ਦੀ ਪੜ੍ਹਾਈ ਅਤੇ ਹੋਰ ਸਹੂਲਤਾਂ ਵਧੇਰੇ ਹਨ।ਪ੍ਰੋਫੈਸਰ ਦਾ ਦੋਸਤ ਗੁਰਨਾਮ ਹੈ ਜੋ ਕਵੀ ਹੈ ਅਤੇ ਦੋਹਾਂ ਦਰਮਿਆਨ ਪਿਆਲੇ ਦੀ ਸਾਂਝ ਹੈ।ਪ੍ਰੋਫੈਸਰ ਦਾ ਬਾਪ ਕਰਤਾਰ ਚੰਦ ਉਸਦੇ ਪਲਾਇਨ ਦੇ ਫੈਸਲੇ ਤੋਂ ਦੁੱਖੀ ਹੈ।ਪ੍ਰੋਫੈਸਰ ਸ਼ਹਿਰ ਕੋਠੀ ਵਿਚ ਰਹਿਣ ਲਗਦਾ ਹੈ।ਉਸਦਾ ਮੁੰਡਾ ਬੱਬੂ ਅਤੀ ਜਿੱਦੀ ਹੈ।ਪਿੰਡ ਤੋਂ ਗੁਰਨਾਮ ਫੋਨ ਤੇ ਕਰਤਾਰ ਚੰਦ ਦੇ ਮਰਨ ਦੀ ਸੂਚਨਾ ਮੋਨਿਕਾ ਨੂੰ ਦਿੰਦਾ ਹੈ।ਜਦੋਂ ਪ੍ਰੋਫੈਸਰ ਬਜਾਰ ਤੋ ਬੱਬੂ ਲਈ ਨਵਾਂ ਟੀਵੀ ਖਰੀਦਕੇ ਲੈਕੇ ਘਰ ਆਉਂਦਾ ਹੈ ਤੇ ਉਸਨੂੰ ਬਾਪ ਦੇ ਮਰਨ ਦੀ ਖਬਰ ਮਿਲਦੀ ਹੈ ।ਉਹ ਤੁਰੰਤ ਪਿੰਡ ਜਾਣ ਦੀ ਬਜਾਇ ਬੱਬੂ ਨਾਲ ਮਿਲ ਕੇ ਟੀਵੀ ਦੇ ਲਿਅਉਣ ਦੀ ਖੁਸ਼ੀ ਵਿਚ ਪਾਰਟੀ ਕਰਦੇ ਹਨ ਤੇ ਸ਼ਰਾਬ ਪੀਂਦੇ ਹਨ।ਬੱਬੂ ਹੌਲੀ ਹੌਲੀ ਵਿ ਗੜੈ ਲਹੋ ਜਾਂਦਾ ਹੈ। ਪ੍ਰੋਫੈਸਰ ਦੀ ਪਤਨੀ ਬਿਮਾਰੀ ਕਾਰਨ ਦੰਮ ਤੋੜ ਜਾਂਦੀ ਹੈ।ਮੋਨਿਕਾ ਦੇ ਮਰਨ ਤੋਂ ਬਾਅਦ ਪ੍ਰੋਫੈਸਰ ਇਕਲਤਾ ਮਹਿਸੂਸ ਕਰਦਾ ਹੈ।ਘਰ ਵਿਚ ਉਸਦਾ ਬਿਲਕੁੱਲ ਸਤਿਕਾਰ ਨਹੀਂ ਹੈ।ਨੂੰਹ ਅਤੇ ਪੁੱਤਰ ਉਸਦੇ ਸਾਰੇ ਪੈਸੇ ਹੜੱਪ ਕਰ ਜਾਂਦੇ ਹਨ।ਬੱਬੂ ਅਕਸਰ ਪ੍ਰੋਫੈਸਰ ਤੇ ਹੱਥ ਚੁੱਕਦਾ ਹੈ ਤੇ ਮਾਰ ਕੁੱਟਾਈ ਦਾ ਰੁਝਾਨ ਦਿਨ ਪ੍ਰਤੀ ਦਿਨ ਵੱਧ ਦਾ ਜਾਂਦਾ ਹੈ।ਇਕ ਦਿਨ ਗੁਰਨਾਮ ਉਸਨੂੰ ਮਿਲਣ ਆਉਂਦਾ ਹੈ ਤੇ ਪ੍ਰੋਫੈਸਰ ਆਪਣੀ ਸਾਰੀ ਵਿਥਿਆ ਉਸ ਨੂੰ ਸਣਾਉਂਦਾ ਹੈ।ਗੁਰਨਾਮ ਸਲਾਹ ਦਿੰਦਾ ਹੈ ਕਿ ਉਹ ਵਾਪਸ ਪਿੰਡ ਆ ਕੇ ਉਹੀ ਮਕਾਨ ਕਿਰਾਏ ਤੇ ਲੈ ਲਵੇ ਜਿਹੜਾ ਉਸਨੇ ਵੇਚਿਆ ਸੀ।ਪ੍ਰੋਫੈਸਰ ਆਪਣੇ ਹੀ ਪੁੱਤਰ ਤੋਂ ਛੁਟਕਾਰਾ ਪਾਉਣ ਲਈ ਆਪਣੇ ਹੀ ਜੱਦੀ ਘਰ ਵਿਚ ਕਿਰਾਏ ਤੇ ਰਹਿਣ ਦਾ ਫੈਸਲਾ ਕਰਦਾ ਹੈ।ਉਹ ਮਹਿਸੂਸ ਕਰਦਾ ਹੈ ਕਿ ਇਹ ਵਿਹੜਾ ਉਸਦੇ ਬਾਪੂ ਦਾ ਹੈ।ਨਾਟਕਕਾਰ ਇਹ ਸੰਦੇਸ਼ ਦੇਣ ਦਾ ਯਤਨ ਕਰਦਾ ਹੈ ਕਿ ਸਤਿਕਾਰ ਦਾ ਰਿਸ਼ਤਾ ਦੁਵੱਲਾ ਹੁੰਦਾ ਹੈ।ਜੇ ਸਤਿਕਾਰ ਲੈਣ ਦੀ ਇੱਛਾ ਹੈ ਤਾਂ ਲਾਜ਼ਮੀ ਹੈ ਕਿ ਆਪ ਸਤਿਕਾਰ ਕਰਨ ਦੀ ਆਦਤ ਪਾਉਣੀ ਪੈਣੀ ਹੈ।ਜਿਸਨੇ ਆਪਣੇ ਮਾਂ ਬਾਪ ਦਾ ਸਤਿਕਾਰ ਨਹੀਂ ਕੀਤਾ ਉਸਨੂੰ ਆਪਣੇ ਬੱਚਿਆਂ ਤੋਂ ਵੀ ਸਤਿਕਾਰ ਦੀ ਆਸਨ ਹੀਂ ਕਰਨੀ ਚਾਹੀਦੀ।

੪. ਦਿੱਲੀ ਤੋਂ ਬਕਾਲਾ :ਵਿਸ਼ਾਗਤ ਅਧਿਐਨ

ਇਹ ਸਤਵਿੰਦਰ ਬੇਗੋਵਾਲੀਆ ਦੁਆਰਾ ਰਚਿਤ ਇਤਿਹਾਸਕ ਨਾਟਕ ਹੈ।ਨਾਟਕਕਾਰ ਔਰੰਗਜ਼ੇਬ ਦੇ ਸ਼ਾਸਨ-ਕਾਲ ਦੌਰਾਨ ਸੰਨ 1663 ਵਿਚ ਦਿੱਲੀ ਵਿਚ ਫੈਲੀ ਚੇਚਕ ਦੀ ਭਿਆਨਕ ਮਹਾਂ ਮਾਰੀ ਦਾ ਵਿਵਰਣ ਦਿੰਦਾ ਹੈ।ਉਨ੍ਹਾਂ ਸਮਿਆਂ ਵਿਚ ਚੇਚਕ ਲਾਇਲਾਜ ਬੀਮਾਰੀ ਸੀ।ਕਥਾਨਕ ਅਨੁਸਾਰ ਖੇਤਰਾਮ ਇਕ ਗਰੀਬ ਹੈ ਤੇ ਉਸਦੇ ਪੁੱਤਰ ਘੱਦੇ ਨੂੰ ਚੇਚਕ ਦੀ ਬੀਮਾਰੀ ਹੋ ਜਾਂਦੀ ਹੈ।ਉਹ ਹਰ ਪਾਸੇ ਇਲਾਜ ਕਰਵਾਉਣ ਦਾ ਤੜਪ ਰਿਹਾ ਹੈਪਰ ਉਸਦੀ ਗਰੀਬੀ ਕਾਰਨ ਕੋਈ ਹਕੀਮ ਉਸ ਦੇ ਪੁੱਤਰ ਦਾ ਇਲਾਜ ਕਰਨ ਲਈ ਤਿਆਰ ਨਹੀਂ ਹੈ।ਇਸ ਘੋਰ ਨਿਰਾਸ਼ਾ ਦੀ ਘੁੱਪ ਹਨੇਰੇ ਵਿਚ ਇਕ ਆਸ ਦੀ ਰੋਸ਼ਨੀ ਦਿੱਲੀ ਵਿਚ ਫੈਲ ਜਾਂਦੀ ਹੈ ਕਿ ਅਠਵੀਂ ਪਾਤਸ਼ਾਹੀ ਬਾਲ ਜੋਤ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਚੇਚਕ ਦੇ ਰੋਗੀਆਂ ਦਾ ਮੁਫਤ ਇਲਾਜ ਕਰਨ ਲਈ ਰੱਬ ਬਣਕੇ ਆਏ ਹਨ।ਹਜਾਰਾਂ ਬੀਮਾਰੀ ਪੀੜਤਾਂ ਸਮੇਤ ਘੁੱਦਾ ਵੀ ਠੀਕ ਹੋ ਜਾਂਦਾ ਹੈ।ਇਕ ਮੰਦਭਾਗੀ ਖਬਰ ਆਉਂਦੀ ਹੈ ਕਿ ਗੁਰੂ ਸਾਹਿਬ ਚੇਚਕ ਦੀ ਬੀਮਾਰੀ ਦੀ ਗ੍ਰਿਫਿਤ ਵਿਚ ਆ ਜਾਣ ਕਾਰਨ ਜੋਤੀ ਜੋਤ ਸਮਾ ਗਏ ਹਨ।ਗੁਰੂ ਸਾਹਿਬ ਸਰੀਰ ਤਿਆਗਣ ਸਮੇਂ ਨੌਵੀਂ ਪਾਤਸ਼ਾਹੀ ਵਜੋਂ ਗੁਰੂ ਘਰ ਦੀ ਗੱਦੀ ਸੰਭਾਲਣ ਸੰਬੰਧੀ ਬਕਾਲਾ ਦੇ ਨਾਂ ਵਜੋਂ ਇਸ਼ਾਰਾ ਕਰਦੇ ਹਨ।ਖੇਤਰਾਮ ਬਕਾਲਾ ਪਹੁੰਚਦਾ ਹੈ ਅਤੇ ਉਸ ਹੀ ਸਮੇਂ ਮੱਖਣ ਸ਼ਾਹ ਲਬਾਣਾ ਜੋ ਇਕ ਧਨਾਢ ਵਪਾਰੀ ਹੈ ਉਹ ਵੀ ਸੱਚੇ ਗੁਰੂ ਦੀ ਭਾਲ ਵਿਚ ਬਾਬਾ ਬਕਾਲਾ ਪਹੁੰਚਿਆ ਹੁੰਦਾ ਹੈ।ਬਕਾਲੇ ਵਿਚ ਧੀਰ ਮੱਲ ਸਮੇਤ ਸਾਧਾਂ ਦੀਆਂ ਬਾਈ ਮੰਜੀਆਂ ਸਨ।ਧੀਰ ਮੱਲ ਬੰਦੂਕ ਦੇ ਜ਼ੋਰ ਨਾਲ ਗੁਰੂ ਸਥਾਪਿਤ ਹੋਣਾ ਚਾਹੁੰਦਾ ਹੈ।ਇਸ ਲਈ ਉਸ ਨੇ ਸ਼ੀਂਹਾਂ ਡਾਕੂਆਂ ਨਾਲ ਗੱਠਜੋੜ ਕੀਤਾ ਹੋਇਆ ਹੈ।ਸਾਰੇ ਪਖੰਡੀ ਸਾਧ ਆਪਣੇ ਆਪ ਨੂੰ ਗੁਰੂ ਨਾਨਕ ਦੀ ਗੱਦੀ ਦਾ ਸੱਚਾ ਵਾਰਿਸ ਆਖ ਰਹੇ ਸਨ।ਇਨ੍ਹਾਂ ਵਿਚੋਂ ਕੋਈ ਵੀ

ਮੱਖਣਸ਼ਾਹ ਲਬਾਣੇ ਦੀ ਤਸੱਲੀ ਨਾ ਕਰਵਾ ਸਕਿਆ।ਇਕ ਕਿਸਾਨ ਪਾਤਰ ਮੱਖਣ ਸ਼ਾਹ ਨੂੰ ਗੁਰੂ ਤੇਗ ਬਹਾਦਰ ਜੀ ਬਾਰੇ ਦੱਸਦਾ ਹੈ ਕਿ ਗੁਰੂ ਸਾਹਬ ਭੋਰੇ ਅੰਦਰ ਭਗਤੀ ਕਰਨ ਵਿਚ ਲੀਨ ਹਨ।ਮੱਖਣ ਸ਼ਾਹ ਲਬਾਣੇ ਨੂੰ ਜਦੋਂ ਇਹ ਭਰੋਸਾ ਹੋ ਜਾਂਦਾ ਹੈ ਕਿ ਜਿਸ ਮਹਾਂ ਪੁਰਖ ਨੇ ਉਸਦੇ ਡੁੱਬਦੇ ਜਹਾਜ ਨੂੰ ਬਚਾਇਆ ਸੀ ਉਹ ਗੁਰੂ ਤੇਗ ਬਹਾਦਰ ਸਨ।ਉਹ ਅਸਲ ਗੁਰੂ ਦੇ ਮਿਲਜਾਣ ਦਾ ਬਕਾਲੇ ਵਿਚ ਐਲਾਨ ਕਰ ਦਿੰਦਾ ਹੈ।ਧੀਰ ਮੱਲ ਸ਼ੀਂਹ ਡਾਕੂ ਨੂੰ ਉਕਸਾਕੇ ਗੁਰੂ ਸਾਹਿਬ ਉਤੇ ਗੋਲੀ ਚਲਵਾਉਣ ਦੀ ਸਾਜਿਸ਼ ਕਰਦਾ ਹੈ।ਗੋਲੀ ਗੁਰੂ ਸਾਹਿਬ ਨੂੰ ਕੋਈ ਨੁਕਸਾਨ ਪਹੁੰਚਾਏ ਬਗੈਰ ਉਨ੍ਹਾਂ ਦੇ ਮੋਢੇ ਦੇ ਕੋਲੋਂ ਲੰਘ ਜਾਂਦੀ ਹੈ।ਇਸ ਕਰਤੂਤ ਤੋਂ ਭੜਕੇ ਹੋਏ ਮੱਖਣ ਸ਼ਾਹ ਦੇ ਸਮਰਥਕ ਸ਼ੀਂਹ ਡਾਕੂ ਦੀ ਬੰਦੂਕ ਖੋਹਲੈਂ ਦੇ ਹਨ ਤੇ ਉਸ ਹੀ ਬੰਦੂਕ ਨਾਲ ਹੀ ਸ਼ੀਂਹ ਨੂੰ ਮਾਰਨ ਲੱਗਦੇ ਹਨ ਤਾਂ ਗੁਰੂ ਤੇਗ ਬਹਾਦਰ ਜੀ ਦੇ ਆਦੇਸ਼ ਤੇ ਉਸ ਨੂੰ ਮਾਫ ਕਰ ਦਿੱਤਾ ਜਾਦਾ ਹੈ।ਇਸ ਤਰ੍ਹਾਂ ਨਾਟਕਕਾਰ ਦੀ ਪ੍ਰਬੀਨਤਾ ਦਾ ਪ੍ਰਮਾਣ ਇਹ ਹੈ ਕਿ ਉਹ ਨਾਟ-ਉਸਾਰੀ ਸਮੇਂ ਕੇਵਲ ਇਤਿਹਾਸਕ ਘਟਨਾਵਾਂ ਦਾ ਹੀ ਚਿਤਰਣ ਨਹੀਂ ਕਰਦਾ ਸਗੋਂ ਆਪਣੀ ਕਾਲਪਨਿਕ ਸੂਝ ਨਾਲ ਇਤਿਹਾਸਕ ਵੇਰਵਿਆਂ ਨੂੰ ਸਾਹਿਤਕ ਦ੍ਰਿਸ਼ਟੀ ਕੋਣ ਤੋਂ ਪ੍ਰਸਤੁਤ ਕਰਦਾ ਹੈ।ਵਿਸ਼ੇ ਪੱਖ ਤੋਂ ਉਹ ਸੰਦੇਸ਼ ਦੇਣ ਦਾ ਯਤਨ ਕਰਦਾ ਹੈ ਕਿ ਗੁਰੂ ਸਾਹਿਬ ਦੀ ਇਹ ਸਮਰਥਾ ਹੁੰਦੀ ਹੈ ਕਿ ਉਹ ਆਪਣੇ ਸੇਵਕ ਦਾ ਦੁੱਖ ਆਪ ਝੱਲ ਕੇ ਸੇਵਕ ਦੀ ਸੰਭਾਲ ਕਰਦੇ ਹਨ।ਇਸ ਸੰਸਾਰ ਵਿਚ ਗੁਰੂਆਂ ਦੀ ਵੱਡੀ ਗਿਣਤੀ ਹੈ ਪਰ ਕੋਈ ਵਿਰਲਾਹੀ ਸੱਚਾ ਗੁਰੂ ਹੁੰਦਾ ਹੈ ਉਸ ਦੀ ਖੋਜ ਸ਼ਰਧਾਲੂ ਨੂੰ ਆਪ ਕਰਨੀ ਪੈਂਦੀ ਹੈ।

ਡਾ. ਗੁਰਜੀਤ ਗੁਰੀ ਅਨੁਸਾਰ'ਸਤਵਿੰਦਰ ਬੇਗੋਵਾਲੀਆ ਨੇ ਅਜੋਕੀ ਸਥਿਤੀ ਵਿਚ ਸਮਾਜਿਕ, ਰਾਜਨੀਤਕ, ਆਰਥਿਕ, ਧਾਰਮਿਕ ਤੰਤਰ ਵਰਗੀਆਂ ਮੁਖ ਸਮਸਿੱਆਵਾਂ ਨੂੰ ਚੁਣੌਤੀ ਵਜੋਂ ਸਵਿਕਾਰਦਾ ਹੈ।'[14]ਆਪਣੀਆਂ ਨਾਟ-ਰਚਨਾਵਾਂ ਵਿਚ ਨਾਟਕੀ ਵਸਤੂ ਦੀ ਭਾਵਪੂਰਕ ਪੇਸ਼ਕਾਰੀ ਕੀਤੀ ਹੈ।ਉਹ ਕਥਾਨਕ ਵਿਚ ਅਜਿਹੀਆਂ ਘਟਨਾਵਾਂ ਦੀ ਚੋਣ ਸਮੇਂ ਵਾਸਤਵਿਕਤਾ ਨੂੰ ਆਧਾਰ ਬਣਾਉਂਦਾ ਹੈ ਅਤੇ ਉਨ੍ਹਾਂ ਘਟਨਾਵਾਂ ਦਾ ਉਹ ਚਸ਼ਮਦੀਦ ਗਵਾਹ ਹੁੰਦਾ ਹੈ।ਜਿਨ੍ਹਾਂ ਘਟਨਾਵਾਂ ਦੀ ਚੁਭਣ ਉਸਨੇ ਖੁਦ ਮਹਿਸੂਸ ਕੀਤੀ ਹੁੰਦੀ ਹੈ।ਨਾਟਕ ਕਾਰ ਪਾਤਰ ਉਸਾਰੀ ਸਮੇਂ ਉਨ੍ਹਾਂ ਦੀ ਭਾਸ਼ਾ ਪਿਛੇ ਕਿਤੇ ਨਾ ਕਿਤੇ ਆਪਣੇ ਆਪ ਨੂੰ ਲਕੋਅ ਲੈਂਦਾ ਹੈ।ਇਸ ਤਰ੍ਹਾਂ ਉਹ ਕਿਸੇ ਨਾ ਕਿਸੇ ਪਾਤਰ ਦੇ ਮਾਧਿਅਮ ਨਾਲ ਅਪ੍ਰਤੱਖ ਰੂਪ ਵਿਚ ਆਪੇ ਦਾ ਪ੍ਰਦਰਸ਼ਨ ਕਰ ਰਿਹਾ ਹੁੰਦਾ ਹੈ।ਉਸਦੇ ਪਾਤਰਾਂ ਵਿਚ ਬੇਸ਼ਕ ਵੰਨ ਸੁਵੰਨਤਾ ਦੀ ਘਾਟ ਹੈ ਪਰੰਤੂ ਸਾਰੇ ਪਾਤਰ ਆਪਣੇ ਵਰਗ ਅਤੇ ਆਪਣੇ ਪਰਿਵੇਸ਼ ਦੀ ਪ੍ਰਤੀ ਨਿੱਧਤਾ ਕਰਦੇ ਹਨ।ਨਾਟਕਾਂ ਵਿਚ ਵਰਤੇ ਨਿੱਕੇ ਨਿੱਕੇ ਵਾਰਤਾਲਾਪ ਨਾਟਕਕਾਰ ਦੀ ਤੀਖਣ ਅਤੇ ਸਪਸ਼ਟ ਬੁੱਧੀ ਦੇ ਪ੍ਰਮਾਣ ਹਨ।ਰੂਪ ਪੱਖ ਤੋਂ ਉਸਦੇ ਨਾਟਕ ਇਕਾਂਗੀ ਦੀ ਪਰੰਪਰਾਗਤ ਜਕੜ ਬੰਦੀ ਨੂੰ ਤੋੜਦੇ ਹਨ।ਇੰਜ ਪੰਜਾਬੀ ਨਾਟਕਕਾਰੀ ਵਿਚ ਸਤਵਿੰਦਰ ਬੇਗੋਵਾਲੀਆ ਦੇ ਨਾਟਕ ਗੁਣਾਤਮਿਕ ਵਾਧਾ ਹਨ।

## ਟਿੱਪਣੀਆਂ ਤੇ ਹਵਾਲੇ

1.ਪ੍ਰਿਤਪਾਲ ਸਿੰਘ, ਸਾਹਿਤ ਦੀ ਭੂਮਿਕਾ, ਪੈਪਸੂ ਬੁਕ ਡਿਪੂ, ਪਟਿਆਲਾ, 1982, ਪੰਨਾ 15.

2.ਨਿਹਾਲ ਸਿੰਘ ਰਸ, ਪੰਜਾਬੀ ਸਾਹਿਤ ਦਾ ਵਿਕਾਸ, ਪੰਜਾਬੀ ਪਬਲੀਕੇਸ਼ਨ,ਅੰਮ੍ਰਿਤਸਰ, 1953,ਪੰਨਾ 12

3.ਸੁਤੰਤਰਜੋਤ ਸਿੰਘ, ਪੰਜਾਬੀ ਨਾਟਕ ਵਿਚ ਆਧੁਨਿਕਤਾ ਦਾ ਸੰਕਲਪ, ਰਵੀ ਸਾਹਿਤ ਪ੍ਰਕਾਸ਼ਨ,ਅੰਮ੍ਰਿਤਸਰ, 1987, ਪੰਨਾ 91.

4.ਸਬਿੰਦਰਜੀਤ ਸਿੰਘ ਸਾਗਰ, ਪੰਜਾਬੀ ਨਾਟਕ ਦਾ ਇਤਿਹਾਸ, ਵਾਰਸ ਸ਼ਾਹ ਫਾਊਂਡੇਸ਼ਨ, ਗੁਰੂ ਤੇਗ ਬਹਾਦਰ ਨਗਰ, ਅੰਮ੍ਰਿਤਸਰ, 1998, ਪੰਨਾ 15.

5.ਕੁਲਦੀਪ ਸਿੰਘ (ਸੰਪਾ), ਪੰਜਾਬੀ ਨਾਟਕ ਦੇ ਮੋਢੀ, ਸਾਹਿਤ ਕੇਂਦਰ, ਅੰਮ੍ਰਿਤਸਰ, 1966, ਪੰਨਾ 3

6.ਗੁਰਦਿਆਲ ਸਿੰਘ ਫੁੱਲ, `ਭੂਮਿਕਾ`, ਪੰਜਾਬੀ ਨਾਟਕ: ਸਰੂਪ, ਸਿਧਾਂਤ ਤੇ ਵਿਕਾਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985, ਪੰਨਾ

7. ਭਾਈ ਕਾਨ੍ਹ ਸਿੰਘ ਨਾਭਾ, ਗੁਰੂ ਸ਼ਬਦ ਰਤਨਾਕਰ, ਮਹਾਨਕੋਸ਼, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1981,

ਪੰਨਾ 509

8.ਪਿਆਰਾ ਸਿੰਘ,ਪੰਜਾਬੀ ਰੰਗਮੰਚ: ਸਿਧਾਂਤ ਤੇ ਪ੍ਰਵਿਰਤੀਆਂ`, ਨਿਊ ਬੁੱਕ ਕੰਪਨੀ, ਜਲੰਧਰ, 1989, ਪੰਨਾ 4

9. ਡਾ. ਰਤਨ ਸਿੰਘ ਜੱਗੀ, ਸਾਹਿਤ ਦੇ ਰੂਪ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1991, ਪੰਨਾ 71

10.ਸਤੀਸ਼ ਕੁਮਾਰ ਵਰਮਾ, ਪੰਜਾਬੀ ਨਾਟਕ ਦਾ ਇਤਿਹਾਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ,
ਪੰਜਾਬੀਅਕਾਦਮੀ,
ਦਿੱਲੀ, 2005, ਪੰਨਾ 13

11. ਉਹੀ, ਮੈਂ ਪੰਜਾਬਣ ਹਾਂ, ਸਤਵਿੰਦਰ ਬੇਗੋਵਾਲ, 5 ਆਬ ਪ੍ਰਕਾਸ਼ਨ, ਜਲੰਧਰ, 2019, ਪੰਨਾ 8

12. ਸਤਵਿੰਦਰ ਬੇਗੋਵਾਲ, ਉਹੀ, ਪੰਨਾ 32

13. ਉਹੀ, ਪੰਨਾ 57

14. ਗੁਰਜੀਤ ਗੁਰੀ (ਡਾ.), ਸਤਵਿੰਦਰ ਬੇਗੋਵਾਲੀਆ ਦਾ ਨਾਟ-ਜਗਤ, ਸ਼ਿਲਾਲੇਖ ਪਬਲਿਸ਼ਰਜ਼, ਦਿੱਲੀ, 2019, ਪੰਨਾ